# ਅੰਮ੍ਰਿਤ ਕੀਰਤਨ

Posting Date
01 ਜਨਵਰੀ 2015



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਬਾਰਹਮਾਹ - ਵਿਸਾਖ

ਵਿਸਾਖ ਨ ਵਿਸਰੇ ਇਕ ਪਲ ਮੈਨੂੰ
ਯਾਦ ਤੇਰੀ ਬੀਮਾਰ ਕੀਤਾ।
ਨਾਲ ਦੀਆਂ ਸਖੀਆਂ ਖੁਸ਼ੀਆਂ ਮਾਨਣ,
ਜਿਹਨਾਂ ਤੈਨੂੰ ਪਿਆਰ ਕੀਤਾ।
ਰੁੱਸ ਗਿਆ ਏ ਮੇਰਾ ਮਾਹੀ,
ਮਨ ਵਿਚ ਇਹੀ ਵਿਚਾਰ ਕੀਤਾ।
ਦੁੱਖ ਵਿਛੋੜਾ ਸਹਿਆ ਨਾ ਜਾਵੇ,
ਤਾਂਘ ਤੇਰੀ ਭਸਮਾਰ, ਕੀਤਾ।
ਉਸ ਵੇਲੇ ਨੂੰ ਪਛਤਾਂਦੀ ਹਾਂ,
ਜਦੋਂ ਪ੍ਰੇਮ ਵਪਾਰ ਕੀਤਾ।
ਹੁਣ ਤਕ ਟੁਰਦੀ ਪਹੁੰਚ ਮੈਂ ਜਾਂਦੀ,
ਕਾਹਨੂੰ ਘੋੜ ਸਵਾਰ ਕੀਤਾ।
ਵਿਨ੍ਹੀ ਗਈ ਮੈਂ ਉਸ ਵੇਲੇ,
ਜਦੋਂ ਸੁਹਣੇ ਨਾਲ ਪਿਆਰ ਕੀਤਾ।
ਸੰਤੋਖ ਸਿੰਘ ਇਹ ਸੱਚ ਦਾ ਸੌਦਾ,
ਮੈਂ ਭੀ ਨਹੀਂ ਉਧਾਰ ਕੀਤਾ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :
Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ-ਨਵਾਂ ਸਾਲ : ਕੀ ਖੋਇਆ, ਕੀ ਪਾਇਆ 5

ਗੁਰਮਤਿ ਸੰਗੀਤ ਵਿਚ ਰਾਗ ਬੈਰਾੜੀ ਤੇ ਤਿਲੰਗ
ਡਾ. ਗੁਰਨਾਮ ਸਿੰਘ 7

ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ
ਡਾ. ਜਾਗੀਰ ਸਿੰਘ 10

**ਪੰਜਾਬੀ ਭਾਸ਼ਾਈ ਗੁਰਮਤਿ ਸੰਗੀਤ ਪ੍ਰਕਾਸ਼ਨਾਵਾਂ : ਇਕ ਵਿਸ਼ਲੇਸ਼ਣ**
**ਡਾ. ਰਿਸ਼ਪਾਲ ਸਿੰਘ 12**

ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ
ਭਾਈ ਅਵਤਾਰ ਸਿੰਘ ਗੁਰਚਰਨ ਸਿੰਘ 17

ਸੁਰ ਲਿਪੀ
ਹਰਿਭਜਨ ਸਿੰਘ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

ਦਸੰਬਰ 2014 ਮਹੀਨੇ ਦਾ ਅੰਮ੍ਰਿਤ ਕੀਰਤਨ ਮਿਲਿਆ। ਬਹੁਤ ਧੰਨਵਾਦ। ਆਪ ਵੱਲੋਂ ਜ਼ਰੂਰੀ ਬੇਨਤੀ ਦੇ ਜਵਾਬ ਵਿਚ ਬੇਨਤੀ ਹੈ ਕਿ ਇਹ ਮੈਗਜ਼ੀਨ ਸਾਨੂੰ ਬਹੁਤ ਅੱਛਾ ਲਗਦਾ ਹੈ ਤੇ ਇਸ ਦਾ ਇੰਤਜ਼ਾਰ ਰਹਿੰਦਾ ਹੈ। ਇਸ ਮੈਗਜ਼ੀਨ ਦਾ ਸਟੈਂਡਰਡ ਬੜੀ ਚੜ੍ਹਦੀ ਕਲਾ ਵਿਚ ਹੈ। ਖਾਸ ਕਰਕੇ ਇਸ ਮਹੀਨੇ ਅੰਕ ਬਹੁਤ ਹੀ ਆਲਾ ਸਟੈਂਡਰਡ ਦਾ ਹੈ।

ਕਿਆ ਨਾਹੀ ਘਰਿ ਤੇਰੈ।

ਕਾਕਾ ਹਰਗੁਨਗੀਤ ਦੇ ਨਾਮਕਰਨ ਵਿਚ ਸਾਨੂੰ ਵੀ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਉਪਰਲੇ ਸ਼ਬਦ ਦੇ ਇਲਾਵਾ ਭਾਈ ਅਵਤਾਰ ਸਿੰਘ ਜੀ ਨੇ ਇਕ ਦੋ ਪੜਤਾਲ ਦੇ ਸ਼ਬਦਾਂ ਦਾ ਗਾਇਣ ਵੀ ਕੀਤਾ ਸੀ- ਬੜਾ ਆਨੰਦ ਆਇਆ ਸੀ।

ਇਕ ਹਫਤਾ ਪਹਿਲੇ ਇਕ ਆਪਣੇ ਘਰੇਲੂ ਸਮਾਗਮ ਵਿਚ ਆਪ ਜੀ ਦੀ ਕੀਰਤਨੀ ਚੌਕੀ ਵਿਚ ਇਹ ਸ਼ਬਦ ਆਪ ਨੇ ਜੋ ਲਿਖਿਆ ਹੈ "ਸਰੋਤਿਆਂ ਦਾ ਮਨ ਆਪਣੇ ਹੀ ਜੁੜ ਜਾਂਦਾ ਹੈ। ਹੱਥ ਜੁੜਦੇ ਹਨ ਮਨ ਦ੍ਰਵਤਾ ਹੈ ਅਤੇ ਅਪਾਂ ਮਿਲੀਆਂ ਹੋ ਜਾਂਦੀਆਂ ਹਨ" - 100% ਅਸੀਂ ਆਪਣੇ ਤਜ਼ਰਬੇ ਨਾਲ ਮਹਿਸੂਸ ਕੀਤਾ ਹੈ

ਵਾਹਿਗੁਰੂ ਸਚਾ ਪਾਤਸ਼ਾਹ ਤੁਹਾਨੂੰ ਹੋਰ ਚੜ੍ਹਦੀ ਕਲਾ ਬਖਸ਼ੇ।

**ਮੇਜਰ ਜਨਰਲ ਗੁਰਬਚਨ ਸਿੰਘ, ਰਿਟ:, ਮਕਾਨ ਨੰ: 497, ਸੈਕ: 15-ਏ, ਚੰਡੀਗੜ੍ਹ**

ਦਸੰਬਰ ਦਾ ਅੰਮ੍ਰਿਤ ਕੀਰਤਨ ਮਿਲ ਗਿਆ ਹੈ ਕਵੀ ਸੰਤੋਖ ਸਿੰਘ ਦੀ ਚੇਤਰ ਬਾਰੇ ਕਵਿਤਾ ਵਾਕਿਆ ਹੀ ਕੋਈ ਗੁਝੀ ਰਮਝ ਸਮਝਾ ਗਈ ਹੈ। ਇਸ ਮਹਾਨ ਕਵੀ ਨੂੰ ਨਮਸਕਾਰ ਕਰਦਾ ਹਾਂ।

**ਮੰਗਤ ਸਿੰਘ ਮਸਤਾਨਾ, ਪੋਸਟ ਬਾਕਸ ਨੰ: 7, ਮਲੋਟ, ਜ਼ਿਲ੍ਹਾ ਮੁਕਤਸਰ, ਮੋਬਾਇਲ : 9463782514**

ਕਰਉ ਬੇਨੰਤੀਆ ਵਿਚ ਡਾ. ਜਗੀਰ ਸਿੰਘ ਨੇ ਕਿਆ ਨਾਹੀ ਘਰਿ ਤੇਰੇ ਰਾਹੀਂ ਜੋ ਸੰਦੇਸ਼ ਦਿੱਤਾ ਹੈ, ਉਸ ਨਾਲ ਪਰਮਾਤਮਾ ਦਾ ਲੱਖ ਲੱਖ ਸ਼ੁਕਰ ਕਰਨ ਨੂੰ ਦਿਲ ਕਰਦਾ ਹੈ। ਸਾਡੀ ਨਿਰਾਸ਼ਾ ਦੂਰ ਹੋ ਜਾਂਦੀ ਹੈ।

**ਪ੍ਰੋ: ਐੱਮ. ਐੱਸ. ਸਚਦੇਵਾ, ਇੰਡੀਅਨ ਮਿਊਜ਼ਿਕ ਅਕੈਡਮੀ, ਮਾਰਫਤ ਬਲਜਿੰਦਰ ਸਿੰਘ (ਦਾਨੇ ਦੀ ਚੱਕੀ),**
**ਨੇੜੇ ਗੁ: ਭਾਈ ਜਗਤਾ ਜੀ, ਜੀ. ਟੀ. ਰੋਡ, ਮਲੋਟ**

ਡਾ. ਗੁਰਨਾਮ ਸਿੰਘ ਦਾ ਲੇਖ ਗੁਰਮਤਿ ਸੰਗੀਤ ਵਿਚ ਰਾਗ ਜੈਤਸਰੀ ਤੇ ਟੋਡੀ ਬਾਰੇ ਜਾਣਕਾਰੀ ਖੋਜ ਭਰਪੂਰ ਸੀ। ਡਾ. ਰਿਸ਼ਪਾਲ ਸਿੰਘ ਦਾ ਲੇਖ ਸੰਗੀਤ ਪ੍ਰਕਾਸ਼ਨਾਵਾਂ ਦਾ ਇਤਿਹਾਸ ਤੇ ਵਿਕਾਸ ਲੇਖ ਬਹੁਤ ਪਸੰਦ ਆਏ।

**ਸੰਤ ਮੁਕੰਦ ਸਿੰਘ**

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630

## ਨਵਾਂ ਸਾਲ – ਕੀ ਖੋਇਆ, ਕੀ ਪਾਇਆ

ਨਵਾਂ ਸਾਲ ਚੜ੍ਹ ਰਿਹਾ ਹੈ। ਕੀ ਇਹ ਸਾਲ ਵੀ ਇੰਜ ਹੀ ਬੀਤੇਗਾ ਜਿਵੇਂ ਪਹਿਲਾਂ ਬੀਤੇ ਹਨ। ਇਸ ਦਿਨ ਇਸ ਗੱਲ ਦਾ ਲੇਖਾ ਜੋਖਾ ਕਰਨਾ ਚਾਹੀਦਾ ਹੈ। ਇਹ ਗੱਲ ਤਾਂ ਤੁਹਾਡੇ ਆਪਣੇ ਆਪ ਉੱਤੇ ਨਿਰਭਰ ਕਰਦੀ ਹੈ। ਤੁਸੀਂ ਪਹਿਲਾਂ ਤਾਂ ਇਹ ਸੋਚੋ ਤੁਸੀਂ ਜ਼ਿੰਦਗੀ ਤੋਂ ਚਾਹੁੰਦੇ ਕੀ ਹੋ। ਜੇ ਇਹ ਗੱਲ ਵੀ ਸਮਝ ਨਹੀਂ ਆਉਂਦੀ ਤਾਂ ਪਿਛਲੇ ਸਾਲ ਵੱਲ ਝਾਤੀ ਮਾਰ ਕੇ ਵੇਖ ਲਈਏ ਇਸ ਵਿੱਚ ਅਸੀਂ ਕੀ ਕੁਝ ਪ੍ਰਾਪਤ ਕੀਤਾ। ਕੀ ਕੁਝ ਚੰਗਾ ਵਾਪਰਿਆ ਅਤੇ ਕੀ ਕੁਝ ਉਹ ਵਾਪਰਿਆ ਜਿਹੜਾ ਸਾਨੂੰ ਪਸੰਦ ਨਹੀਂ। ਕੀ ਕੁਝ ਐਸਾ ਸੀ ਜਿਸ ਨੂੰ ਅਸੀਂ ਬਦਲਣ ਤੋਂ ਅਸਮਰਥ ਸਾਂ। ਕੀ ਕੁਝ ਐਸਾ ਸੀ ਜਿਹੜਾ ਅਸੀਂ ਕਰ ਸਕਦੇ ਸਾਂ ਪਰ ਨਹੀਂ ਕੀਤਾ।

ਕਿਸੇ ਦੀ ਪ੍ਰਸ਼ੰਸਾ ਕਰ ਸਕਦੇ ਸਾਂ।

ਕਿਸੇ ਨੂੰ ਸ਼ਾਬਾਸ਼ੀ ਦੇ ਸਕਦੇ ਸਾਂ।

ਕਿਸੇ ਨੂੰ ਵਧਾਈ ਦੇ ਸਕਦੇ ਸਾਂ।

ਕਿਸੇ ਦਾ ਧੰਨਵਾਦ ਕਰ ਸਕਦੇ ਸਾਂ।

ਕਿਸੇ ਨੇ ਸਾਨੂੰ ਕੁਝ ਕਿਹਾ ਜਿਹੜਾ ਸਾਨੂੰ ਚੰਗਾ ਨਹੀਂ ਲੱਗਾ ਉਸ ਨੂੰ ਅਣਡਿੱਠ ਕਰ ਕੇ ਰਿਸ਼ਤਾ ਕਾਇਮ ਰੱਖ ਸਕਦੇ ਸਾਂ।

ਕਿਸੇ ਦੀ ਮਦਦ ਕਰ ਸਕਦੇ ਸਾਂ।

ਕੋਈ ਫਜ਼ੂਲ ਖਰਚ ਬਚਾ ਸਕਦੇ ਸਾਂ।

ਆਪਣੇ ਖਾਣੇ ਵੱਲ ਧਿਆਨ ਦੇ ਕੇ ਸਿਹਤ ਠੀਕ ਰੱਖ ਸਕਦੇ ਸਾਂ।

ਥੋੜ੍ਹੀ ਕਸਰਤ ਤੇ ਸੈਰ ਕਰਕੇ ਆਪਣੇ ਆਪ ਨੂੰ ਚੁਸਤ ਦਰੁਸਤ ਰਖ ਸਕਦੇ ਸਾਂ।

ਕਿਸੇ ਦੀ ਗੱਲ ਸੁਣ ਸਕਦੇ ਸਾਂ।

ਉਪਰ ਦੱਸਿਆ ਸਾਰਾ ਕੁਝ ਕਰਨ ਲਈ ਅਸੀਂ ਆਜ਼ਾਦ ਹਾਂ। ਪਰ ਪਿਛਲਾ ਸਾਲ ਤਾਂ ਬੀਤ ਗਿਆ ਪ੍ਰਸ਼ਨ ਇਹ ਹੈ ਕੀ ਅਸੀਂ ਭਵਿੱਖ ਵਿੱਚ ਇਹ ਕੁਝ ਕਰਾਂਗੇ। ਜੇ ਇਹ ਕੁਝ ਕਰਾਂਗੇ ਤਾਂ ਅਗਲਾ ਸਾਲ ਨਿਸਚੇ ਹੀ ਸਾਡੇ ਲਈ ਵਧੇਰੇ ਸਾਰਥਕ ਹੋ ਜਾਵੇਗਾ।

ਅੰਮ੍ਰਿਤ ਕੀਰਤਨ ਦੇ ਮਾਮਲੇ ਵਿੱਚ ਪਿਛਲੇ ਸਾਲ ਜੋ ਕੁਝ ਚੰਗਾ ਵਾਪਰਿਆ ਉਸ ਬਾਰੇ ਗੱਲ ਕਰਦੇ ਹਾਂ। ਪਿਛਲੀ ਜਨਵਰੀ ਵਿੱਚ ਐਸ ਐਸ ਭੱਟੀ ਸਾਬਕਾ ਪ੍ਰਿੰਸੀਪਲ ਆਰਕੀਟੈਕਟ ਕਾਲਜ ਚੰਡੀਗੜ੍ਹ ਦਾ ਅੰਮ੍ਰਿਤ ਕੀਰਤਨ ਦੀ ਪ੍ਰਸ਼ੰਸਾ ਬਾਰੇ ਪੱਤਰ ਮਿਲਿਆ ਸੀ ਜਿਸ ਨੇ ਸਾਨੂੰ ਅੰਮ੍ਰਿਤ ਕੀਰਤਨ ਟ੍ਰਸਟ ਦਾ ਆਰਥਕ ਸੰਕਟ ਯਾਦ ਨਹੀਂ ਆਉਣ ਦਿੱਤਾ। ਮਾਰਚ ਵਿੱਚ ਡਾ. ਭਾਈ ਹਰਬੰਸ ਲਾਲ ਅਮਰੀਕਾ ਵਾਲਿਆਂ ਦਾ ਪ੍ਰਸ਼ੰਸਾ ਪੱਤਰ ਪ੍ਰਾਪਤ ਹੋਇਆ,ਅਪ੍ਰੈਲ ਵਿੱਚ ਮਨਮੋਹਨ ਸਿੰਘ ਦਾਓਂ , ਮੰਗਤ ਸਿੰਘ ਮਸਤਾਨਾ, ਐਮ ਐਸ ਸਚਦੇਵਾ, ਮੁਕੰਦ ਸਿੰਘ ਮਲੋਟ, ਮਈ ਵਿੱਚ ਰਾਜਿੰਦਰ ਸਿੰਘ ਯੂ ਕੇ, ਜੁਲਾਈ ਵਿੱਚ ਭਗਵੰਤ ਸਿੰਘ ਦਿੱਲੀ, ਸਤੰਬਰ ਵਿੱਚ ਹਰਗੁਣਪ੍ਰੀਤ ਸਿੰਘ ਮੋਹਾਲੀ ਆਦਿ ਦੇ ਪੱਤਰ ਪ੍ਰਾਪਤ ਹੋਏ, ਸਤੰਬਰ ਵਿੱਚ ਹੀ ਮੈਨੂੰ ਪ੍ਰੋ ਤਾਰਾ ਸਿੰਘ ਸਿਮਰਤੀ ਅਵਾਰਡ ਪ੍ਰਾਪਤ ਹੋਇਆ। ਦਸੰਬਰ ਮਹੀਨੇ ਵਿਚ ਸ: ਜਸਬੀਰ ਸਿੰਘ ਸੰਗਰੂਰ, ਸਾਬਕਾ ਮੰਤਰੀ ਅਤੇ ਮਿਸ: ਕਰਨਲ ਰਾਏ ਜੀ ਦਾ ਦਸੰਬਰ ਮਹੀਨੇ ਦੀ ਸੰਪਾਦਕੀ ਬਾਰੇ ਪ੍ਰਸ਼ੰਸਾ ਭਰੇ ਫੋਨ ਆਏ ਅਤੇ ਜਨਰਲ ਗੁਰਬਖਸ਼ ਸਿੰਘ ਜੀ ਦਾ ਪੱਤਰ ਪ੍ਰਾਪਤ ਹੋਇਆ। ਪ੍ਰਸ਼ੰਸਾ ਦੀ ਸਾਨੂੰ ਇਤਨੀ ਲੋੜ ਹੁੰਦੀ ਹੈ ਕਿ ਜਦੋਂ ਕਦੀ ਕੋਈ ਪ੍ਰਸ਼ੰਸਾ ਪੱਤਰ ਪ੍ਰਾਪਤ ਨਹੀਂ ਹੁੰਦਾ ਤਾਂ ਅਸੀਂ ਕੋਈ ਪੁਰਾਣਾ ਪੱਤਰ ਹੀ ਛਾਪ ਲੈਂਦੇ ਹਾਂ। ਇਹ ਕੁਝ ਸਾਨੂੰ ਮੁਸ਼ਕਲਾਂ ਦੇ ਬਾਵਜੂਦ ਅੰਮ੍ਰਿਤ ਕੀਰਤਨ ਪ੍ਰਕਾਸ਼ਤ ਕਰਨ ਵਿੱਚ ਸਹਾਈ ਹੁੰਦਾ ਹੈ। ਭੁੱਲ ਚੁੱਕ ਖਿਮਾ। ਨਵਾਂ ਸਾਲ ਮੁਬਾਰਕ।


**Hot millions** ®

*Salad Bar & Restaurant*

*Serving Indian, Chinese, Continental & Italian Food with a regular Indian & Salad Buffet*

*For Free Home Delivery* (above Rs. 100/-)

CHD 2723333 SALAD BAR 2723222
PKL 2579888 MOH 2264300

SCO 76-79,(First Floor) Sector 17-E, Chandigarh. Tel: 272322, 2723111, 2704858

CONTAINS NO FRUIT / CONTAINS ADDED FLAVOUR

PEPSI






# ਗੁਰਮਤਿ ਸੰਗੀਤ ਵਿਚ ਰਾਗ ਬੈਰਾੜੀ ਤੇ ਤਿਲੰਗ

ਡਾ. ਗੁਰਨਾਮ ਸਿੰਘ

**ਰਾਗ ਬੈਰਾੜੀ** : ਰਾਗ ਬੈਰਾੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਤੇਰਵੇਂ ਸਥਾਨ 'ਤੇ ਅੰਕਿਤ ਰਾਗ ਬੈਰਾੜੀ ਵਿਚ ਗੁਰੂ ਰਾਮਦਾਸ ਜੀ ਦੇ ਛੇ ਅਤੇ ਗੁਰੂ ਅਰਜਨ ਦੇਵ ਜੀ ਦਾ ਇਕ ਦੁਪਦਾ ਦਰਜ ਹੈ। ਭਾਰਤੀ ਸੰਗੀਤ ਵਿਚ ਪੁਰਾਤਨ ਰਾਗ ਹੋਣ ਕਰਕੇ ਵੀ ਇਸ ਰਾਗ ਦਾ ਪ੍ਰਚਲਨ ਬਹੁਤ ਘਟ ਹੈ। ਬਾਣੀ ਵਿਚ ਇਸ ਰਾਗ ਦਾ ਪ੍ਰਯੋਗ ਅਲਪ ਮਾਤਰਾ ਵਿਚ ਹੀ ਹੋਇਆ ਹੈ ਅਤੇ ਸਾਰੇ ਰਾਗਾਂ ਤੋਂ ਘਟ ਬਾਣੀ ਇਸੇ ਰਾਗ ਵਿਚ ਦਰਜ ਹੈ। ਫਿਰ ਵੀ ਸੰਗੀਤ ਪੱਖੋਂ ਬੈਰਾੜੀ ਰੰਜਕ ਤੇ ਸੰਗੀਤ ਵਿਸਥਾਰ ਪਖੋਂ ਵਿਸ਼ੇਸ਼ ਰਾਗ ਹੈ। ਇਸ ਨੂੰ ਗੁਰੂ ਗਿਰਾਰਥ ਕੋਸ਼ ਵਿਚ ਨਾਗਪੁਰ (ਮਹਾਰਾਸ਼ਟਰ) ਦੇ ਨੇੜੇ ਬੈਰਾੜ (ਬੀਰਾੜ) ਦੇਸ਼ ਦੀ ਰਾਗਨੀ ਸਵੀਕਾਰਿਆ ਹੈ। ਮੱਧਕਾਲੀਨ ਭਾਰਤੀ ਰਾਗ ਪਰੰਪਰਾ ਵਿਚ ਵੀ ਇਸ ਰਾਗ ਦਾ ਉਲੇਖ 'ਵਰਾਟੀ' ਜਾਂ 'ਬਰਾਰੀ' ਆਦਿ ਨਾਵਾਂ ਨਾਲ ਪ੍ਰਚਲਿਤ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਮਾਲਾ ਵਿਚ ਇਸ ਨੂੰ 'ਬੈਰਾਰੀ' ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਬੰਧ ਵਿਚ ਇਸ ਨੂੰ ਬੈਰਾੜੀ ਨਾਂ ਦੇ ਅੰਤਰਗਤ ਹੀ ਅੰਕਿਤ ਕੀਤਾ ਗਿਆ ਹੈ। ਆਧੁਨਿਕ ਸੰਗੀਤਾਚਾਰੀਆ ਤੇ ਸੰਗੀਤ ਵਿਦਵਾਨ ਇਸ ਰਾਗ ਨੂੰ ਤੋੜੀ, ਤ੍ਰਿਵੇਣੀ ਅਤੇ ਦੇਸਕਾਰ ਰਾਗਾਂ ਦਾ ਸੁਮੇਲ ਮੰਨਦੇ ਹਨ। ਇਹ ਰਾਗ ਦਾ ਦੋਵੇਂ ਸੰਗੀਤ ਪੱਧਤੀਆਂ ਵਿਚ ਜ਼ਿਕਰ ਮਿਲਦਾ ਹੈ ਪਰੰਤੂ ਇਸ ਨੂੰ ਵਧੇਰੇ ਗਾਇਆ ਵਜਾਇਆ ਨਹੀਂ ਜਾਂਦਾ।

ਲੇਖਕ ਪੰਡਤ ਸ਼ਾਰੰਗ ਦੇਵ ਨੇ ਆਪਣੇ ਗ੍ਰੰਥ ਸੰਗੀਤ ਰਤਨਾਕਰ ਵਿਚ ਰਾਗ ਬੈਰਾੜੀ ਨੂੰ 'ਵੈਰਾਟੀ' ਮੰਨਿਆ ਹੈ ਅਤੇ ਇਸ ਦੇ 7 ਪ੍ਰਕਾਰਾਂ ਦਾ ਜ਼ਿਕਰ ਕੀਤਾ ਹੈ। ਪੰਡਿਤ ਅਹੋਬਲ ਨੇ ਰਾਗ ਬੈਰਾੜੀ ਨੂੰ ਮਾਰਵਾ ਥਾਟ ਦੇ ਅੰਤਰਗਤ ਰਖਦਿਆਂ ਜਾਤੀ ਸੰਪੂਰਨ ਮੰਨੀ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਤਾਰਾ ਸਿੰਘ (ਪ੍ਰੋ.), ਭਾਈ ਅਵਤਾਰ ਸਿੰਘ - ਗੁਰਚਰਨ ਸਿੰਘ, ਗਿਆਨ ਸਿੰਘ ਐਬਟਾਬਾਦ ਅਤੇ ਰਾਗ ਨਿਰਣਾਇਕ ਕਮੇਟੀ ਨੇ ਇਸ ਰਾਗ ਦਾ ਸਰੂਪ ਇਸ ਪ੍ਰਕਾਰ ਪ੍ਰਵਾਨਿਆ ਹੈ। ਰਾਗ ਬੈਰਾੜੀ ਮਾਰਵਾ ਥਾਟ ਦਾ ਰਾਗ ਹੈ। ਇਸ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਹੁੰਦੇ ਹਨ। ਇਸ ਦੀ ਜਾਤੀ ਵਕਰ-ਸੰਪੂਰਨ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਸੁਰ ਧੈਵਤ ਹੈ। ਇਸਦਾ

ਗਾਇਨ ਸਮਾਂ ਦਿਨ ਦਾ ਚੌਥਾ ਪਹਿਰ ਹੈ। ਆਰੋਹ : ਨਿਸ਼ਾਦ (ਮੰਦਰ ਸਪਤਕ), ਰਿਸ਼ਭ (ਕੋਮਲ), ਗੰਧਾਰ ਪੰਚਮ, ਮਧਿਅਮ (ਤੀਵਰ), ਗੰਧਾਰ, ਮਧਿਅਮ (ਤੀਵਰ), ਧੈਵਤ, ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ), ਨਿਸ਼ਾਦ, ਧੈਵਤ, ਪੰਚਮ, ਮਧਿਅਮ (ਤੀਵਰ), ਗੰਧਾਰ, ਪੰਚਮ, ਗੰਧਾਰ, ਰਿਸ਼ਭ (ਕੋਮਲ), ਸ਼ੜਜ; ਮੁੱਖ ਅੰਗ : ਪੰਚਮ, ਧੈਵਤ, ਗੰਧਾਰ, ਮਧਿਅਮ (ਤੀਵਰ), ਧੈਵਤ, ਮਧਿਅਮ (ਤੀਵਰ), ਗੰਧਾਰ, ਰਿਸ਼ਭ (ਕੋਮਲ), ਗੰਧਾਰ, ਮਧਿਅਮ (ਤੀਵਰ), ਗੰਧਾਰ, ਰਿਸ਼ਭ (ਕੋਮਲ), ਸ਼ੜਜ।

**ਰਾਗ ਤਿਲੰਗ :** ਰਾਗ ਤਿਲੰਗ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਪਰੰਪਰਾ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਗੁਰਮਤਿ ਸੰਗੀਤ ਦਾ ਇਹ ਇਕ ਮੌਲਿਕ ਰਾਗ ਹੈ ਜਿਹੜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਅਨੁਸਾਰ ਚੌਦਵੇਂ ਸਥਾਨ ਤੇ ਆਉਂਦਾ ਹੈ ਜੋ ਪੰਨਾ 223 'ਤੇ ਅੰਕਿਤ ਹੈ। ਇਸ ਰਾਗ ਦਾ ਮਧੁਰ ਸੁਰਾਤਮਕ ਸਰੂਪ ਲੋਕ ਸੰਗੀਤ ਵਿਸ਼ੇਸ਼ ਕਰਕੇ ਪੰਜਾਬੀ ਲੋਕ ਸੰਗੀਤ ਵਿਚ ਪ੍ਰਚਲਿਤ ਹੈ। ਤਿਲੰਗ ਰਾਗ ਦੇ ਅੰਤਰਗਤ ਗੁਰੂ ਨਾਨਕ

ਦੇਵ ਜੀ ਦੇ ਸਤ, ਗੁਰੂ ਰਾਮਦਾਸ ਜੀ ਦੇ ਦੋ, ਗੁਰੂ ਅਰਜਨ ਦੇਵ ਜੀ ਦੇ ਪੰਜ ਪਦੇ ਬਾਣੀ ਰਚਨਾਵਾਂ ਮਿਲਦੀਆਂ ਹਨ। ਇਸ ਤੋਂ ਬਿਨਾਂ ਭਗਤ ਕਬੀਰ ਦਾ ਇਕ ਅਤੇ ਭਗਤ ਰਵਿਦਾਸ ਦੇ ਦੋ ਪਦ ਬਾਣੀ ਰੂਪ ਵੀ ਤਿਲੰਗ ਰਾਗ ਦੇ ਅੰਤਰਗਤ ਅੰਕਿਤ ਹਨ।

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਦਿਨ ਦੇ 'ਤੀਜੇ ਪਹਿਰ ਚਰਨ ਕਮਲ ਦੀ ਚੌਕੀ' ਵਿਚ ਤੀਸਰੇ ਪਹਿਰ ਦੇ ਰਾਗਾਂ ਅਧੀਨ ਅਤੇ 'ਅਕਾਲ ਚਲਾਣੇ ਦੀ ਕੀਰਤਨ ਚੌਕੀ' ਵਿਚ ਇਸ ਰਾਗ ਦਾ ਗਾਇਨ ਅਕਸਰ ਸੁਣਨ ਨੂੰ ਮਿਲਦਾ ਹੈ। ਇਸ ਤੋਂ ਬਾਅਦ ਰਾਗ ਧਨਾਸਰੀ ਵਿਚ ਆਰਤੀ ਦਾ ਗਾਇਨ ਕਰਨ ਉਪਰੰਤ ਰਾਗ ਰਾਮਕਲੀ ਵਿਚ ਛੇ ਪੌੜੀਆਂ ਅਨੰਦ ਸਾਹਿਬ ਦਾ ਗਾਇਨ ਕਰਕੇ ਸਮਾਪਤੀ ਦੀ ਅਰਦਾਸ ਕੀਤੀ ਜਾਂਦੀ ਹੈ।

ਵਲਾਇਤ ਵਾਲੀ ਜਨਮ ਸਾਖੀ ਵਿਚ ਰਾਗ ਤਿਲੰਗ ਦੇ ਅੰਤਰਗਤ ਕਾਜੀਆਂ ਨੂੰ ਗੁਰੂ ਸਾਹਿਬ ਨੇ ਇਉਂ ਫੁਰਮਾਨ ਕੀਤਾ: 'ਮਰਦਾਨਿਆਂ ਰਬਾਬੁ ਵਜਾਇ'। ਤਬਿ ਮਰਦਾਨੇ ਰਬਾਬੁ ਵਜਾਇਆ, ਰਾਗੁ ਤਿਲੰਗ ਕੀਤਾ, ਬਾਬੇ ਸਬਦੁ ਉਠਾਇਆ।

ਤਿਲੰਗ ਰਾਗ ਹਿੰਦੁਸਤਾਨੀ ਅਤੇ ਗੁਰਮਤਿ ਸੰਗੀਤ ਦੋਵੇਂ ਪਰੰਪਰਾਵਾਂ ਵਿਚ ਸਮਾਨ ਰੂਪ ਵਿਚ ਮਹੱਤਵ ਰਖਦਾ ਹੈ। ਇਹ ਪ੍ਰਸਿੱਧ ਅਤੇ ਪ੍ਰਚਲਿਤ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ। ਗੁਰੁ ਗਿਰਾਰਥ ਕੋਸ਼ ਅਤੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ ਤੈਲੰਗ (ਤਿਲੰਗਾਨਾ) ਦੱਖਣੀ ਭਾਰਤ ਦਾ ਇਕ ਇਲਾਕਾ ਸਵੀਕਾਰਿਆ ਹੈ ਜਿਸ ਦੇ ਆਲੇ ਦੁਆਲੇ ਸ੍ਰੀ ਸ਼ੈਲ, ਕਾਲੇਸ਼ਵਰ ਅਤੇ ਭੀਮੇਸ਼ਵਰ ਪਹਾੜ ਹਨ। ਇਨ੍ਹਾਂ ਉਪਰ ਤਿੰਨ ਸ਼ਿਵਲਿੰਗ ਮੰਨੇ ਜਾਂਦੇ ਹਨ। ਇਸ ਰਾਗ ਦਾ ਇਸ ਇਲਾਕੇ ਨਾਲ ਸਬੰਧਤ ਹੋਣ ਦੀ ਸੰਭਾਵਨਾ ਵੀ ਦਰਸਾਈ ਜਾਂਦੀ ਹੈ। ਰਾਗ-ਰਾਗਣੀ ਪੱਧਤੀ ਨਾਲ ਸਬੰਧਤ ਮੱਤਾਂ ਵਿਚੋਂ ਕਈ ਮੱਤਾਂ ਨੇ ਰਾਗ ਤਿਲੰਗ ਨੂੰ ਹਿੰਡੋਲ ਰਾਗ ਦੀ ਰਾਗਣੀ ਮੰਨਿਆ ਹੈ। ਪਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨਾਂ ਨੇ ਰਾਗਣੀ ਨਾਮਕ ਸੰਕਲਪ ਤਿਆਗ ਕੇ ਸਿਰਫ ਰਾਗ ਦਾ ਸੰਕਲਪ ਹੀ ਵਰਤਿਆ ਹੈ।

ਤਿਲੰਗ ਰਾਗ ਨੂੰ ਵਿਦਵਾਨਾਂ ਨੇ ਖਮਾਜ ਥਾਟ ਦੇ ਅੰਤਰਗਤ ਰਖਿਆ ਹੈ। ਇਸ ਦੇ ਆਰੋਹ-ਅਵਰੋਹ ਵਿਚ ਰਿਸ਼ਭ ਤੇ ਧੈਵਤ ਸੁਰ ਵਰਜਿਤ ਕਰਕੇ ਔੜਵ-ਔੜਵ ਜਾਤੀ ਦਾ ਰਾਗ ਮੰਨਿਆ ਹੈ। ਇਸ ਦਾ ਵਾਦੀ-ਸੰਵਾਦੀ ਸੁਰ ਗੰਧਾਰ - ਨਿਸ਼ਾਦ ਮੰਨਣ ਦੀ ਪ੍ਰਥਾ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਹੈ ਪਰੰਤੂ ਕੁਝ ਸਿੱਖ ਕੀਰਤਨਕਾਰ ਇਸ ਨੂੰ ਦਿਨ ਦੇ ਤੀਸਰੇ ਪਹਿਰ ਦਾ ਰਾਗ ਮੰਨਦੇ ਹਨ। ਇਸੇ ਪ੍ਰਕਾਰ ਕੁਝ ਇਸ ਦੀ ਜਾਤੀ ਔੜਵ-ਸ਼ਾੜਵ ਮੰਨਦੇ ਹਨ। ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਰੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਆਰੋਹ : ਸ਼ੜਜ ਗੰਧਾਰ, ਮਧਿਅਮ ਪੰਚਮ, ਨਿਸ਼ਾਦ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ), ਨਿਸ਼ਾਦ (ਕੋਮਲ), ਪੰਚਮ, ਮਧਿਅਮ, ਗੰਧਾਰ, ਸ਼ੜਜ; ਮੁੱਖ ਅੰਗ : ਨਿਸ਼ਾਦ (ਮੰਦਰ ਸਪਤਕ), ਸ਼ੜਜ, ਗੰਧਾਰ, ਮਧਿਅਮ, ਪੰਚਮ, ਨਿਸ਼ਾਦ (ਕੋਮਲ), ਪੰਚਮ, ਗੰਧਾਰ, ਮਧਿਅਮ, ਗੰਧਾਰ, ਸ਼ੜਜ।

ਤਿਲੰਗ ਰਾਗ ਦਾ ਉਕਤ ਸਰੂਪ ਸਰਬ ਪ੍ਰਵਾਨਿਤ ਹੈ ਅਤੇ ਇਸ ਸਰੂਪ ਨੂੰ ਰਾਗ ਕੋਸ਼, ਰਾਗ ਵਿਸ਼ਾਰਦ, ਗੁਰਮਤਿ ਸੰਗੀਤ ਪਰ ਹੁਣ ਤੱਕ ਮਿਲੀ ਖੋਜ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ - ਗੁਰਚਰਨ ਸਿੰਘ, ਗਿਆਨ ਸਿੰਘ ਐਬਟਾਬਾਦ, ਰਾਗ ਨਿਰਣਾਇਕ ਕਮੇਟੀ ਆਦਿ ਨੇ ਵੀ ਇਸੇ ਤਰ੍ਹਾਂ ਹੀ ਸਵੀਕਾਰਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਿਲੰਗ ਰਾਗ ਅਧੀਨ ਹੀ ਇਕ ਹੋਰ ਰਾਗ ਤਿਲੰਗ ਕਾਫੀ ਪ੍ਰਯੋਗ ਕੀਤਾ ਗਿਆ ਹੈ ਜੋ ਰਾਗ ਤਿਲੰਗ ਤੇ ਕਾਫੀ ਰਾਗ ਦੇ ਸੁਮੇਲ ਤੋਂ ਸਰੂਪਿਤ ਮੌਲਿਕ ਰਾਗ ਹੈ। ਭਾਰਤੀ ਸੰਗੀਤ ਵਿਚ

ਮੱਧਕਾਲ ਵਿਚ ਪ੍ਰਚਲਿਤ ਰਾਗ ਵਰਗੀਕਰਨ ਪੱਧਤੀ ਅਨੁਸਾਰ ਅਜਿਹੇ ਰਾਗਾਂ ਨੂੰ ਛਾਇਆਲਗ ਰਾਗ ਕਿਹਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਪਦੇ ਸ਼ੈਲੀ ਵਿਚ ਪੰਨਾ 726 'ਤੇ ਅੰਕਿਤ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਨੇ ਰਾਗ ਕਾਫੀ ਦਾ ਜ਼ਿਕਰ ਕਰਦਿਆਂ ਤਿਲੰਗ ਕਾਫੀ ਨੂੰ ਇਕ ਰਾਗ ਸਵੀਕਾਰਿਆ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਇਸ ਰਾਗ ਦੇ ਦੋ ਸਰੂਪ ਪ੍ਰਚਾਰ ਅਧੀਨ ਹਨ। ਜਿਨ੍ਹਾਂ ਦੇ ਵੇਰਵੇ ਨਿਮਨਲਿਖਤ ਅਨੁਸਾਰ ਹੈ:

1. ਗੁਰਮਤਿ ਸੰਗੀਤ ਦੇ ਕੁਝ ਵਿਦਵਾਨਾਂ ਅਨੁਸਾਰ ਇਸ ਦੀ ਰਚਨਾ ਥਾਟ-ਉਪਥਾਟ ਪੱਧਤੀ ਅਨੁਸਾਰ ਖਮਾਜ-ਕਾਫੀ ਉਪਥਾਟਾਂ ਤੋਂ ਹੋਈ ਹੈ। ਇਸ ਦੀ ਜਾਤੀ ਔੜਵ-ਵਕਰ ਸੰਪੂਰਣ ਮੰਨੀ ਗਈ ਹੈ। ਇਸ ਵਿਚ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਵਰਤੇ ਜਾਂਦੇ ਹਨ। ਆਰੋਹ : ਸ਼ੜਜ, ਗੰਧਾਰ, ਮਧਿਅਮ, ਪੰਚਮ, ਨਿਸ਼ਾਦ, ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ), ਨਿਸ਼ਾਦ (ਕੋਮਲ), ਧੈਵਤ, ਪੰਚਮ, ਮਧਿਅਮ, ਗੰਧਾਰ, ਰਿਸ਼ਭ, ਸ਼ੜਜ; ਮੁੱਖ ਅੰਗ : ਨਿਸ਼ਾਦ (ਕੋਮਲ), ਪੰਚਮ, ਗੰਧਾਰ, ਮਧਿਅਮ, ਗੰਧਾਰ, ਮਧਿਅਮ, ਗੰਧਾਰ (ਕੋਮਲ), ਰਿਸ਼ਭ, ਸੜਜ।

2. ਉਪਰੋਕਤ ਸਰੂਪ ਵਿਚ ਥੋੜ੍ਹੀ ਜਿਹੀ ਤਬਦੀਲੀ ਕਰਕੇ ਰਾਗ ਨਿਰਣਾਇਕ ਨੇ ਨਿਮਨਲਿਖਤ ਅਨੁਸਾਰ ਇਸ ਦਾ ਸਰੂਪ ਪ੍ਰਵਾਨਿਤ ਕੀਤਾ ਹੈ: ਇਸ ਰਾਗ ਵਿਚ ਗੰਧਾਰ ਵਾਦੀ ਅਤੇ ਸ਼ੁੱਧ ਨਿਸ਼ਾਦ ਸੰਵਾਦੀ ਮੰਨਿਆ ਹੈ। ਇਸ ਰਾਗ ਦੀ ਜਾਤੀ ਔੜਵ-ਸੰਪੂਰਨ ਮੰਨੀ ਹੈ। ਇਸ ਦਾ ਗਾਇਨ ਸਮਾਂ ਰਾਤ ਦਾ ਦੂਜਾ ਪਹਿਰ ਮੰਨਿਆ ਹੈ। ਇਸ ਦੇ ਆਰੋਹ ਵਿਚ ਰਿਸ਼ਭ-ਧੈਵਤ ਵਰਜਿਤ ਕੀਤਾ ਗਿਆ ਹੈ। ਆਰੋਹ : ਸ਼ੜਜ, ਨਿਸ਼ਾਦ (ਮੰਦਰ ਸਪਤਕ), ਸ਼ੜਜ, ਗੰਧਾਰ, ਮਧਿਅਮ, ਪੰਚਮ, ਨਿਸ਼ਾਦ (ਕੋਮਲ), ਪੰਚਮ, ਮਧਿਅਮ, ਪੰਚਮ, ਨਿਸ਼ਾਦ, ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ), ਨਿਸ਼ਾਦ (ਕੋਮਲ), ਧੈਵਤ, ਪੰਚਮ, ਮਧਿਅਮ, ਪੰਚਮ, ਗੰਧਾਰ (ਕੋਮਲ), ਰਿਸ਼ਭ, ਸ਼ੜਜ; ਮੁੱਖ ਅੰਗ : ਗੰਧਾਰ, ਮਧਿਅਮ, ਪੰਚਮ, ਨਿਸ਼ਾਦ (ਕੋਮਲ), ਪੰਚਮ, ਗੰਧਾਰ (ਕੋਮਲ), ਰਿਸ਼ਭ, ਸ਼ੜਜ, ਰਿਸ਼ਭ, ਨਿਸ਼ਾਦ, ਸ਼ੜਜ।

ਬੈਰਾੜੀ ਤੇ ਤਿਲੰਗ ਰਾਗਾਂ ਦੇ ਅਧੀਨ ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ – ਗੁਰਚਰਨ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਪ੍ਰਮੁੱਖ ਰਚਨਾਕਾਰਾਂ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਦੋਵੇਂ ਰਾਗਾਂ ਨੂੰ ਸਮੇਂ-ਸਮੇਂ 'ਤੇ ਅਨੇਕਾਂ ਗੁਰੂ ਘਰ ਦੇ ਕੀਰਤਨਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

**ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ

## ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ) ਕੀਰਤਨ ਕਰਨਾ ਗੁਰੂ ਸਾਹਿਬ ਦਾ ਨਿੱਤ ਨੇਮ ਸੀ। ਜੇ ਕਿਸੇ ਦਿਨ ਕੀਰਤਨ ਨਾ ਕਰ ਸਕਦੇ ਤਾਂ ਆਪ ਨਮੋਸ਼ੀ ਮਹਿਸੂਸ ਕਰਦੇ ਹਨ। ਇਸ ਗੱਲ ਦੀ ਪੁਸ਼ਟੀ ਮਿਹਰਬਾਨ ਵਾਲੀ ਜਨਮ ਸਾਖੀ ਵਿਚੋਂ ਹੁੰਦੀ ਹੈ। ਨਿੱਤ ਦਾ ਨੇਮ ਨਾਮਕ ਸਾਖੀ ਵਿਚ ਲਿਖਿਆ ਹੈ:

ਤਬ ਰਸੋਈਐ ਕਹਿਆ ਜਿ, "ਬਾਬਾ ਨਾਨਕੁ ਜੀ। ਰਸੋਈ ਬਡੀ ਬੇਰ ਕੀ ਹੋਈ ਪੜੀ ਹੈ, ਤੂ ਉਠਿ ਕਪੜੇ ਉਤਾਰਹੁ, ਪਰਸਾਦੁ ਲੇਹੁ।" ਤਬ ਗੁਰੂ ਬਾਬੇ ਨਾਨਕ ਕਹਿਆ ਜੇ।" ਸੁਆਮੀ ਜੀ। ਪਰਸਾਦੁ ਤਉ ਜੇਮੀਐਗਾ, ਪਣੁ ਕੀਰਤਨੁ ਨਾਹੀ ਕੀਤਾ।" ਕਹੈ, "ਜੀ, ਸਵੇਰੇ ਆਈ ਦਾ ਤਾਂ ਜੇਵਿ ਕਰਿ, ਸੇਵਰੇ ਐਤੁ ਵਖਤਿ ਕੀਰਤਨ ਕਰਿ ਸਵੀਂਦਾ, ਹੁਣੁ ਜੇਵਿ ਕਰਿ ਸੰਵਿ ਰਹੀਐ।" ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੀ, "ਗ਼ੈਰ ਸਾਲ ਗਲ ਆਖੀਆ, ਸੰਵੀਐ ਕਿਉ ਕਰਿ? ਜੇਵਿ ਕਰਿ ਕੀਰਤਨੁ ਕਰੀਐ।"

ਇਸ ਤਰ੍ਹਾਂ ਕੀਰਤਨ ਗੁਰੂ ਸਾਹਿਬ ਦੇ ਜੀਵਨ ਦਾ ਇਤਨਾ ਮਹੱਤਵਪੂਰਨ ਹਿੱਸਾ ਬਣ ਚੁੱਕਾ ਸੀ ਕਿ ਕੀਰਤਨ ਕੀਤੇ ਬਿਨਾਂ ਉਹ ਰੋਟੀ ਵੀ ਨਹੀਂ ਸੀ ਖਾਂਦੇ।

ਗੁਰੂ ਨਾਨਕ ਦੇਵ ਜੀ ਦੁਆਰਾ ਮਰਦਾਨੇ ਨਾਲ ਰਲ ਕੇ ਬਾਣੀ ਦਾ ਕੀਰਤਨ ਕਰਨ ਬਾਰੇ ਅਨੇਕਾਂ ਹਵਾਲੇ ਮਿਲਦੇ ਹਨ। ਮੋਦੀਖਾਨੇ ਦਾ ਤਿਆਗ ਕਰਨ ਸਮੇਂ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਸੰਬੰਧੀ ਅਪ ਸ਼ਬਦ ਆਖੇ। ਪਰ ਗੁਰੂ ਸਾਹਿਬ ਨੇ ਇਸ ਦਾ ਉੱਤਰ ਬਾਣੀ ਗਾਇਨ ਰਾਹੀਂ ਦਿੱਤਾ। ਵਲਾਇਤ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ : ਤਬਿ ਗੁਰੂ ਨਾਨਕ ਕਹਿਆ, ਮਰਦਾਨਿਆ! ਰਬਾਬ ਵਜਾਇ। ਤਾਂ ਮਰਦਾਨੇ ਰਬਾਬ ਵਜਾਇਆ, ਰਾਗੁ ਮਾਰੂ ਕੀਤਾ, ਬਾਬੈ ਸਬਦ ਸੁਣਾਇਆ:

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ (ਗੁਰੂ ਗ੍ਰੰਥ ਸਾਹਿਬ, ਪੰਨਾ 991)

ਇਸੇ ਜਨਮ ਸਾਖੀ ਵਿਚ ਸੁਲਤਾਨ ਪੁਰ ਵਿਖੇ ਫਕੀਰ ਨੂੰ ਉਪਦੇਸ਼ ਦੇਣ ਸੰਬੰਧੀ ਲਿਖਿਆ ਹੈ: ਮਰਦਾਨਿਆ ਰਬਾਬੁ ਵਜਾਇ॥ ਤਬਿ ਮਰਦਾਨੇ ਰਬਾਬੁ ਵਜਾਇਆ, ਰਾਗ ਤਿਲੰਗੁ ਕੀਤਾ, ਬਾਬੇ ਸਬਦੁ ਉਠਾਇਆ : ਇਹ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਇ (ਗੁਰੂ ਗ੍ਰੰਥ ਸਾਹਿਬ, ਪੰਨਾ 722)

ਇਸ ਜਨਮ ਸਾਖੀ ਵਿਚ ਸੱਜਣ ਠੱਗ ਦਾ ਨਿਸਤਾਰਾ ਵਾਲੀ ਸਾਖੀ ਵਿਚ ਲਿਖਿਆ ਹੈ: ਤਉ ਬਾਬੇ ਆਖਿਆ, ਮਰਦਾਨਿਆ। ਰਬਾਬ ਵਜਾਇ॥ ਤਾਂ ਮਰਦਾਨੇ ਰਬਾਬੁ ਵਜਾਇਆ। ਰਾਗੁ ਸੂਹੀ ਕੀਤਾ। ਗੁਰੂ ਨਾਨਕ ਸਬਦੁ ਉਠਾਇਆ : ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 729)

ਇਸੇ ਜਨਮ ਸਾਖੀ ਵਿਚ ਬਨਾਰਸ ਵਿਚ ਚਤੁਰ ਦਾਸ ਵਾਲੀ ਸਾਖੀ ਵਿਚ ਲਿਖਿਆ ਹੈ : ਤਬ ਬਾਬੇ ਆਖਿਆ : ਮਰਦਾਨਿਆ! ਰਬਾਬ ਵਜਾਇ, ਤਾਂ ਮਰਦਾਨੇ ਰਬਾਬੁ ਵਜਾਇਆ। ਰਾਗ ਬਸੰਤ ਕੀਤਾ ਬਾਬੇ ਸਬਦੁ ਉਠਾਇਆ :

ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥ (ਗੁਰੂ ਗ੍ਰੰਥ ਸਾਹਿਬ, ਪੰਨਾ 1171)

ਗੁਰੂ ਸਾਹਿਬ ਸਰੋਤੇ ਦੀ ਮਾਨਸਿਕ ਅਵਸਥਾ ਅਨੁਸਾਰ ਰਾਗ ਅਤੇ ਬਾਣੀ ਦਾ ਗਾਇਨ ਕਰਦੇ ਸਨ। ਜਦੋਂ ਆਪ ਸ਼ੇਖ ਬ੍ਰਹਮ ਕੋਲ ਪੁੱਜਦੇ ਹਨ ਤਾਂ ਉਸ ਦੀ ਇੱਛਾ ਅਨੁਸਾਰ ਵਿਸ਼ੇਸ਼ ਰਾਗ ਵਿਚ ਵਿਸ਼ੇਸ਼ ਬਾਣੀ ਦਾ ਗਾਇਨ ਕਰਦੇ ਹਨ। ਭਾਈ ਮਨੀ ਸਿੰਘ ਜੀ ਇਸ ਬਾਰੇ ਵਿਚ ਇਕ ਸਾਖੀ ਵਿਚ ਲਿਖਦੇ ਹਨ : ਫਿਰ ਸੇਖ ਬ੍ਰਹਮ ਕਹਿਆ ਕਿ ਜੋ ਢਾਢੀ ਰਾਜਿਓ. ਕੀ ਵਾਰ ਗਾਵਤੇ ਹੈਂ ਜੋ ਰਾਜੇ ਭੀ ਪ੍ਰਸੰਨ ਹੋਵਤੇ ਹੈਂ ਅਰ ਸੂਰਮੇਂ ਭੀ ਪ੍ਰਸੰਨ ਹੋ ਕੇ ਜੁਧ ਕਰਤੇ ਹੈਂ ਅਰ ਕਾਇਰਾਂ ਦੇ ਮਨ ਮੈਂ ਭੀ ਜੁੱਧ ਕਾ ਉਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ, ਅਰ ਜੋਨਿ ਸੋ ਜਗਯਾਂਸੀ ਹੈਂ ਤਿਨੋਂ ਕੋ ਭੀ ਮਨ ਅਰ ਇੰਦ੍ਰੀਅਹੁ ਕੇ ਜੀਤਨੇ ਕਾ ਉਦਮ ਹੋਇ ਆਵਤਾ ਹੈ। ਤਾਂ ਤੇ ਤੁਸੀਂ ਮੇਰੇ ਤਾਂਈ ਕਾਈ ਪਰਮੇਸਰ ਕੀ ਵਾਰ ਸੁਣਾਵਹੁ। ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਗਉੜੀ ਕਾ ਰਾਗ ਅੰਗੀਕਾਰ ਕੀਆ ਹੈ ਪਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ ਪਰ ਹਮਾਰੇ ਸਭੀ ਰਾਗ ਹੈਂ ਪਰ ਇਹ ਪੀਰ ਆਸਾਵੰਤ ਆਇਆ ਹੈ ਸੋ ਆਸਾ ਕੇ ਰਾਗ ਵਿਚ ਵਾਰ ਸੁਣਾਵਹੁ।

ਇਸੇ ਤਰ੍ਹਾਂ ਹੀ ਵੱਖ ਵੱਖ ਸਾਖੀਆਂ ਵਿਚ ਮਰਦਾਨੇ ਦੇ ਰਬਾਬ ਵਜਾਉਣ ਅਤੇ ਗੁਰੂ ਜੀ ਦੁਆਰਾ ਵੱਖ ਵੱਖ ਰਾਗਾਂ ਵਿਚ ਸ਼ਬਦ ਗਾਇਨ ਕਰਨ ਬਾਰੇ ਉਲੇਖ ਮਿਲਦੇ ਹਨ। ਜਿਵੇਂ ਵਣਜਾਰਿਆਂ ਦੇ ਟਾਂਡੇ, ਨੂਰ ਸ਼ਾਹ ਦਾ ਨਿਸਤਾਰਾ, ਮਾਤਾ ਪਿਤਾ ਜੀ ਨਾਲ ਮੇਲ,ਸੇਖ ਬ੍ਰਿਹਮ ਨਾਲ ਗੋਸ਼ਟ, ਕੋਹੜੀ ਫਕੀਰ ਦਾ ਨਿਸਤਾਰਾ, ਕਿੜੀਆਂ ਪਠਾਣਾਂ ਦੀਆਂ, ਗੋਸ਼ਟ ਮੀਆਂ ਮਿੱਠਾ, ਦੁਨੀ ਚੰਦ ਦਾ ਨਿਸਤਾਰਾ ਆਦਿ ਸਾਖੀਆਂ ਵਿਚ ਮਰਦਾਨੇ ਵੱਲੋਂ ਵੱਖ ਵੱਖ ਰਾਗਾਂ ਵਿਚ ਰਬਾਬ ਵਜਾਉਣ ਅਤੇ ਗੁਰੂ ਨਾਨਕ ਦੇਵ ਜੀ ਦੇ ਉਸੇ ਰਾਗ ਵਿਚ ਸ਼ਬਦ ਗਾਇਨ ਕਰਨ ਦਾ ਜ਼ਿਕਰ ਮਿਲਦਾ ਹੈ।

ਵਲਾਇਤ ਵਾਲੀ ਜਨਮ ਸਾਖੀ ਦੀ ਆਖਰੀ ਸਾਖੀ ਜੋਤੀ ਜੋਤ ਸਮਾਉਣ ਵਿਚ ਸ਼ਬਦ ਗਾਇਨ ਲਈ ਕੀਰਤਨ ਸ਼ਬਦ ਦਾ ਪ੍ਰਯੋਗ ਹੋਇਆ ਹੈ: ਤਬ ਬਾਬੇ ਸੰਗਤਿ ਨੂੰ ਹੁਕਮੁ ਕੀਤਾ, ਕੀਰਤਨ ਪੜਹੁ। ਤਬ ਸੰਗਤਿ ਲਗੀ ਕੀਰਤਨ ਪੜਣਿ:

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ (ਗੁਰੂ ਗ੍ਰੰਥ ਸਾਹਿਬ, ਪੰਨਾ 12)

ਧਨਾਸਰੀ ਰਾਗ ਹੋਯਾ, ਆਰਤੀ ਗਾਵੀ। ਤਿਤ ਮਹਲਿ ਕੀਰਤਨ ਹੋਆ ਸਬਦ ਤਬ ਸਲੋਕ ਪੜਿਆ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਗੁਰੂ ਗ੍ਰੰਥ ਸਾਹਿਰ, ਪੰਨਾ 8)

ਆਪਣੀਆਂ ਯਾਤਰਾਵਾਂ ਸਮੇਂ ਗੁਰੂ ਜੀ ਨੇ ਗੁਰਮਤਿ ਸੰਗੀਤ ਦੀ ਭਰਪੂਰ ਵਰਤੋਂ ਕੀਤੀ। ਆਪ ਮਰਦਾਨੇ ਨਾਲ ਵੱਖ ਵੱਖ ਰਾਗਾਂ ਬਾਰੇ ਚਰਚਾ ਕਰਦੇ ਸਨ ਅਤੇ ਰਾਗਾਂ ਦੀਆਂ ਬਾਰੀਕੀਆਂ ਦਾ ਵਰਣਨ ਕਰਦੇ ਸਨ। ਇਹਨਾਂ ਚਰਚਾਵਾਂ ਤੋਂ ਅਸੀਂ ਅੱਜ ਗੁਰਮਤਿ ਸੰਗੀਤ ਦੇ ਅਹਿਮ ਨੁਕਤਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ, ਮਿਹਰਬਾਨ ਵਾਲੀ ਜਨਮ ਸਾਖੀ ਵਿਚ ਸੁਰਾਸ਼ਟ੍ਰ ਵਿਖੇ ਸੋਰਠ ਰਾਗ ਦੀ ਮਹੱਤਤਾ ਦਰਸਾਉਣ ਵਾਲੀ ਸਾਖੀ ਲਿਖੀ ਹੈ : ਤਬ ਗੁਰੂ ਬਾਬੇ ਨਾਨਕ ਜੀ ਕਹਿ ਜਿ, ਮਰਦਾਨਿਆ, ਕਰੁ ਦਿਖਾ, ਸੋਰਠਿ ਰਾਗ। ਤਬ ਮਰਦਾਨੇ ਸੋਰਠਿ ਰਾਗ ਕਿਆ ਖੁਸ਼ੀ ਭਇਆ। ਤਬ ਗੁਰੂ ਬਾਬੇ ਨਾਨਕ ਪਹਿ ਮਰਦਾਨੇ ਕਹਿਆ ਜਿ, ਰਾਗ ਤਾਂ ਸਭਿ ਭਲੇ ਹੈਨਿ ਪਣੁ ਜੀ ਸੋਰਠਿ ਰਾਗ ਸਭਨਾ ਰਾਗਾਂ ਮਹਿ ਖਰਾ ਸੋਹਾਵਣਾ ਰਾਗੁ ਹੈ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਮਰਦਾਨਿਆ ਤੂੰ ਜਾਣਦਾ ਹੈ ਸੋਰਠਿ ਰਾਗ ਕਿਤੁ ਸੋਹਾਵਣਾ ਲਗਦਾ ਹੈ? ਕਹੈ, ਜੀ, ਨਾਹੀ ਜਾਣਦਾ ਜਿਉਂ ਹੈ, ਤਿਉਂ ਕਹਿ ਸੁਣਾਈਐ। ਤਬ ਗੁਰੂ ਬਾਬੇ ਨਾਨਕ ਜੀ ਬਾਣੀ ਬੋਲੀ ਸਲੋਕੁ ਕਿ (ਚਲਦਾ)

**'ਗੁਰੂ ਨਾਨਕ ਦੇਵ ਜੀ ਤੇ ਸੰਗੀਤ' ਪੁਸਤਕ ਵਿੱਚੋਂ**

# ਪੰਜਾਬੀ ਭਾਸ਼ਾਈ ਗੁਰਮਤਿ ਸੰਗੀਤ ਪ੍ਰਕਾਸ਼ਨਾਵਾਂ : ਇਕ ਵਿਸ਼ਲੇਸ਼ਣ

ਡਾ. ਰਿਸ਼ਪਾਲ ਸਿੰਘ

ਗੁਰਬਾਣੀ ਸਾਹਿਤ ਦਾ ਮੁੱਢ ਗੁਰੂ ਨਾਨਕ ਦੇਵ ਜੀ ਤੋਂ ਬੱਝਾ ਜਿਸਨੂੰ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਅਤੇ ਹੋਰ ਭਗਤ ਕਵੀਆਂ ਨੇ ਵਿਕਸਤ ਕੀਤਾ। ਗੁਰੂ ਸਾਹਿਬਾਨ ਨੇ 'ਗੁਰੂ-ਬਾਣੀ' ਨੂੰ ਸੰਚਾਰਨ ਲਈ ਸੰਗੀਤ ਕਲਾ ਨੂੰ ਮਾਧਿਅਮ ਵਜੋਂ ਅਪਣਾਇਆ। ਗੁਰੂਆਂ ਪੀਰਾਂ ਨੇ ਸੰਗੀਤ ਕਲਾ ਨੂੰ ਵਿਸ਼ੇਸ਼ ਮੱਹਤਵ ਦਿੰਦਿਆਂ ਆਪਣੀਆਂ ਰਚਨਾਵਾਂ ਨੂੰ ਰਾਗਬੱਧ ਕਰਕੇ ਇਕ ਅਜਿਹੀ ਸ਼ੈਲੀ ਦਾ ਨਿਰਮਾਣ ਕੀਤਾ ਜਿਸਨੂੰ ਅਸੀਂ ਗੁਰਮਤਿ ਸੰਗੀਤ ਦੇ ਨਾਮ ਨਾਲ ਜਾਣਦੇ ਹਾਂ। ਵਰਤਮਾਨ ਸਮੇਂ ਗੁਰੂਆਂ ਦੁਆਰਾ ਵਰੋਸਾਏ ਗੁਰਬਾਣੀ ਸਾਹਿਤ ਨੂੰ ਗੁਰਮਤਿ ਸੰਗੀਤ ਰਾਹੀਂ ਸਿਧਾਂਤਿਕ ਅਤੇ ਕਿਰਿਆਤਮਕ ਰੁਪ ਵਿੱਚ ਪ੍ਰਚਾਰਿਤ ਕਰਨ ਲਈ ਅਨੇਕ ਉਪਰਾਲੇ ਉਲੀਕੇ ਗਏ ਹਨ ਅਤੇ ਗੁਰਮਤਿ ਸੰਗੀਤ ਪ੍ਰਕਾਸ਼ਨਾਵਾਂ ਵੀ ਇਹਨਾਂ ਉਪਰਾਲਿਆਂ ਦਾ ਮੱਹਤਵਪੂਰਨ ਅੰਗ ਹਨ। ਦੇਖਿਆ ਜਾਵੇ ਤਾਂ ਪੰਜਾਬੀ ਭਾਸ਼ਾ ਵਿੱਚ ਸੰਗੀਤ ਵਿਸ਼ੇ ਦੀਆਂ ਪੁਸਤਕਾਂ ਦੀ ਰਚਨਾ ਗੁਰਮਤਿ ਸੰਗੀਤ ਤੋਂ ਹੀ ਆਰੰਭ ਹੋਈ।

ਪ੍ਰਾਚੀਨ ਸਮੇਂ ਜਿੱਥੇ ਵੇਦਾਂ ਅਤੇ ਮਹਾਂਕਾਵਿਆਂ ਤੋਂ ਇਲਾਵਾ ਸੰਸਕ੍ਰਿਤ-ਅਰਬੀ, ਮੱਧਕਾਲ ਅਤੇ ਆਧੁਨਿਕ ਕਾਲ ਤੱਕ ਅੰਗਰੇਜੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ ਉੱਥੇ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਸਬੰਧੀ ਮੁੱਢਲੇ ਕਾਰਜ 19ਵੀਂ ਸਦੀ ਦੇ ਅੰਤ ਵਿੱਚ ਸੁਰੂ ਹੋਏ ਅਤੇ ਇਹਨਾਂ ਦਾ ਪ੍ਰਕਾਸ਼ਿਤ ਰੂਪ 20ਵੀਂ ਸਦੀ ਦੇ ਆਰੰਭ ਵਿੱਚ ਸਾਹਮਣੇ ਆਉਣ ਲੱਗਾ ਜਿਹਨਾਂ ਦਾ ਮੂਲ ਵਿਸ਼ਾ ਗੁਰਮਤਿ ਸੰਗੀਤ ਹੀ ਹੈ। ਆਰੰਭ ਤੋਂ ਹੀ ਸਮੁੱਚੀ ਪੰਜਾਬੀਅਤ ਸਿੱਖ ਧਰਮ ਦੇ ਅਨੁਆਈ ਹੋਣ ਕਰਕੇ ਸੰਗੀਤ ਨੂੰ ਅਧਿਆਤਮਕ ਰੂਪ ਵਿੱਚ ਸਵੀਕਾਰਦੇ ਆਏ ਹਨ ਜਿਸ ਦੇ ਨਤੀਜੇ ਵਜੋਂ ਪੰਜਾਬੀ ਭਾਸ਼ਾ ਦੀਆਂ ਮੁੱਢਲੀਆਂ ਪ੍ਰਕਾਸ਼ਨਾਵਾਂ ਵੀ ਗੁਰਮਤਿ ਸੰਗੀਤ ਵਿਧਾ ਦੇ ਅਨੁਕੂਲ ਹੀ ਪ੍ਰਕਾਸ਼ਿਤ ਹੋਈਆਂ। ਗੁਰਮਤਿ ਸੰਗੀਤ ਨੂੰ ਆਮ ਹੱਥਾਂ ਵਿੱਚ ਪਹੁੰਚਾਉਣ ਲਈ ਜਿਨ੍ਹਾਂ ਵਿਦਵਾਨਾਂ ਦਾ ਪ੍ਰਮੁੱਖ ਯੋਗਦਾਨ ਰਿਹਾ ਉਨ੍ਹਾਂ ਵਿੱਚੋਂ ਪ੍ਰੋ. ਸੁੰਦਰ ਸਿੰਘ, ਗਿਆਨੀ ਗਿਆਨ ਸਿੰਘ ਐਬਟਾਬਾਦ, ਪ੍ਰੋ. ਗੁਰਦਿਆਲ ਸਿੰਘ, ਸੰਤ ਸਰਵਣ ਸਿੰਘ ਡੁਮੇਲੀ ਵਾਲੇ, ਸੰਤ ਜੁਗਿੰਦਰ ਸਿੰਘ ਸਰਲ, ਮਾਸਟਰ ਨਿਹਾਲ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਰਾਗੀ ਅਤੇ ਪ੍ਰੋ. ਤਾਰਾ ਸਿੰਘ, ਡਾ. ਜਾਗੀਰ ਸਿੰਘ, ਡਾ. ਗੁਰਨਾਮ ਸਿੰਘ ਅਤੇ ਡਾ. ਕੰਵਲਜੀਤ ਸਿੰਘ ਹੁਰਾਂ ਦਾ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ।

ਪ੍ਰਾਪਤ ਹਵਾਲਿਆਂ ਅਨੁਸਾਰ ਇਸ ਵਿਸ਼ੇ ਉੱਪਰ ਸਰਬ-ਪ੍ਰਥਮ 1913 ਵਿੱਚ ਪ੍ਰੋ. ਸੁੰਦਰ ਸਿੰਘ ਹੁਰਾਂ ਨੇ 'ਹਰਮੋਨਿਯਮ ਕੀਰਤਨ ਸਿਖਿਆ' ਪੁਸਤਕ ਦੀ ਰਚਨਾ ਕੀਤੀ ਜਿਸਨੂੰ ਭਾਈ ਉੱਤਮ ਸਿੰਘ, ਭਾਈ ਗੁਰਚਰਨ ਸਿੰਘ, ਅੰਮ੍ਰਿਤਸਰ ਵਾਲਿਆਂ ਨੇ ਛਾਪਿਆ ਅਤੇ ਇਸ ਪੁਸਤਕ ਦਾ ਮੁੜ-ਪ੍ਰਕਾਸ਼ਨ ਵੀ 1940 ਵਿੱਚ ਇਨ੍ਹਾਂ ਦੁਆਰਾ ਹੀ ਹੋਇਆ। **ਪੁਸਤਕ ਦੀ ਰਚਨਾ ਹਰਮੋਨੀਅਮ ਵਜਾਉਣ ਦੇ ਢੰਗ ਨੂੰ ਦਰਸਾਉਣ ਹਿੱਤ ਕੀਤੀ ਗਈ ਹੈ। ਇਸ ਪੁਸਤਕ ਵਿੱਚ ਆਸਾ ਦੀ ਵਾਰ ਨੂੰ ਅੱਠ ਰਾਗਾਂ ਵਿੱਚ ਹਰਮੋਨੀਅਮ ਨਾਲ ਗਾਇਨ ਕਰਨ ਦਾ ਵਿਧਾਨ ਦਸਿਆ ਹੈ।** 1918 ਵਿੱਚ 'ਰਾਗ ਮਾਲਾ ਪ੍ਰਬੋਧ' ਨਾਮਕ ਪੁਸਤਕ ਦੀ ਰਚਨਾ ਭਾਈ ਸਾਹਿਬ ਸਿੰਘ ਨੇ ਕੀਤੀ। 1950 ਤੋਂ ਪਹਿਲਾਂ ਪੰਜਾਬੀ ਭਾਸ਼ਾ ਵਿੱਚ ਸੰਗੀਤ ਕਲਾ ਨਾਲ

ਸਬੰਧਿਤ ਹੋਰ ਕੋਈ ਵੀ ਮੌਲਿਕ ਪੁਸਤਕ ਪ੍ਰਕਾਸ਼ਿਤ ਨਹੀਂ ਹੋਈ। 1958 ਵਿੱਚ ਸਿੱਖ ਕੀਰਤਨ ਮਰਿਯਾਦਾ ਨਾਲ ਸਬੰਧਿਤ ਇਕ ਅਤਿਅੰਤ ਮਹੱਤਵਪੂਰਨ ਰਚਨਾ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਨਾਮੀ ਪੁਸਤਕ ਦਾ ਹਵਾਲਾ ਮਿਲਦਾ ਹੈ। ਗੁਰਮਤਿ ਸੰਗੀਤ ਪਰ ਮਿਲੀ ਹੁਣ ਤਕ ਦੀ ਖੋਜ ਪੁਸਤਕ ਕਿਸੇ ਇਕ ਲੇਖਕ ਦੀ ਨਿਜੀ ਰਚਨਾ ਨਹੀਂ ਹੈ। ਇਸ ਪੁਸਤਕ ਨੂੰ ਡਾ. ਭਾਈ ਵੀਰ ਸਿੰਘ, ਡਾ. ਭਾਈ ਬਲਬੀਰ ਸਿੰਘ; ਭਾਈ ਪ੍ਰੇਮ ਸਿੰਘ; ਮਾਸਟਰ ਸੁੰਦਰ ਸਿੰਘ ਅਤੇ ਡਾ. ਚਰਨ ਸਿੰਘ ਨੇ ਆਪਣੇ ਅਣਮੁੱਲੇ ਵਿਚਾਰਾਂ ਰਾਹੀਂ ਸਿੰਗਾਰਿਆ ਹੈ। ਆਰੰਭ ਵਿੱਚ ਇਸ ਪੁਸਤਕ ਨੂੰ ਪੰਜ ਵੱਖ-ਵੱਖ ਭਾਗਾਂ (ਗੁਰਮਤਿ ਸੰਗੀਤ ਨਿਰਣਯ, ਗੁਰਮਤਿ ਸੰਗੀਤ ਰਤਨ ਭੰਡਾਰ, ਗੁਰਮਤਿ ਸੰਗੀਤ, ਗੁਰਮਤਿ ਸੰਗੀਤ ਪਰ ਸ੍ਰੀ ਮਾਨ ਡਾ. ਚਰਨ ਸਿੰਘ ਜੀ ਦੀ ਖੋਜ, ਮੋਹਨ ਗੁਰਮਤਿ ਸੰਗੀਤ ਮਾਲਾ) ਵਿੱਚ ਪ੍ਰਕਾਸ਼ਿਤ ਕੀਤਾ ਗਿਆ, ਪ੍ਰਕਾਸ਼ਿਤ ਪ੍ਰਤੀਆਂ ਦੀ ਘਾਟ ਕਾਰਨ ਇਸ ਪੁਸਤਕ ਦੀ ਇਕੋ-ਇਕ ਕਾਪੀ ਸੈਂਟਰਲ ਖਾਲਸਾ ਯਤੀਮਖਾਨਾ (ਚੀਫ ਖਾਲਸਾ ਦੀਵਾਨ) ਅੰਮ੍ਰਿਤਸਰ ਦੀ ਸ਼ਹੀਦ ਊਧਮ ਸਿੰਘ ਲਾਇਬ੍ਰੇਰੀ ਵਿੱਚ ਮੌਜੂਦ ਸੀ। ਉਪਰੰਤ ਪੁਸਤਕ ਦੀ ਮਹੱਤਤਾ ਨੂੰ ਸਮਝਦੇ ਹੋਏ ਭਾਈ ਵੀਰ ਸਿੰਘ, ਗੁਰਮਤਿ ਵਿਦਿਆਲਾ ਦੇ ਪ੍ਰਿੰਸੀਪਲ ਡਾ. ਜਸਵਿੰਦਰ ਕੌਰ ਅਤੇ ਡਾ. ਬਲਬੀਰ ਸਿੰਘ ਸੈਣੀ ਹੁਰਾਂ ਨੇ ਇਸ ਪੁਸਤਕ ਦੇ ਪੰਜ ਭਾਗਾਂ ਨੂੰ ਇਕੋ ਪੁਸਤਕ 'ਗੁਰਮਤਿ ਸੰਗੀਤ ਪਰ ਮਿਲੀ ਹੁਣ ਤਕ ਦੀ ਖੋਜ' ਦੇ ਨਾਮ ਹੇਠ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਪਾਸੋਂ 2008 ਵਿੱਚ ਪ੍ਰਕਾਸ਼ਿਤ ਕਰਵਾਇਆ। ਜੇਕਰ ਮੁਢਲੀਆਂ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਉੱਪਰ ਝਾਤ ਮਾਰੀਏ ਤਾਂ 'ਗੁਰਮਤਿ ਸੰਗੀਤ ਪਰ ਮਿਲੀ ਹੁਣ ਤਕ ਦੀ ਖੋਜ' ਨਾਮਕ ਪੁਸਤਕ ਦਾ ਨਾਮ ਵਿਸ਼ੇਸ਼ ਰੂਪ ਵਿੱਚ ਸਤਕਾਰਿਆ ਜਾਂਦਾ ਹੈ। ਨਵੀਨ ਪੁਸਤਕ ਵਿੱਚ ਇਹਨਾਂ ਪੰਜ ਭਾਗਾਂ ਨੂੰ ਪੰਜ ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਇਸ ਤੋਂ ਬਾਅਦ ਹੀ ਬੁੱਧੀਜੀਵੀ ਲੇਖਕਾਂ ਨੂੰ ਗੁਰਮਤਿ ਸੰਗੀਤ ਨਾਲ ਸਬੰਧਿਤ ਕਾਵਿ ਨੂੰ ਪ੍ਰਕਾਸ਼ਿਤ ਕਰਵਾਉਣ ਦੀ ਚੇਟਕ ਲਗੀ।

20ਵੀ. ਸਦੀ ਦੇ ਅੱਧ ਤੋਂ ਬਾਦ ਸੰਗੀਤ ਦੇ ਸੰਸਥਾਗਤ ਸਿੱਖਿਆ ਸੰਸਥਾਵਾਂ ਵਿੱਚ ਵਿਕਸਿਤ ਹੋਣ ਦੇ ਨਾਲ ਬਹੁਤ ਸਾਰੇ ਪ੍ਰਕਾਸ਼ਕਾਂ ਨੇ ਬੁੱਧੀ-ਜੀਵੀ ਸੰਗੀਤ ਵਿਗਿਆਨੀਆਂ ਦੀਆਂ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਨੂੰ ਭਰਵਾਂ ਹੁੰਗਾਰਾ ਦਿੱਤਾ। ਨਤੀਜਤਨ ਗੁਰਮਤਿ ਸੰਗੀਤ ਦੇ ਹੋਰ ਵਿਦਵਾਨਾਂ ਅਤੇ ਚਿੰਤਕਾਂ ਨੇ ਇਸ ਥੋੜ੍ਹ ਨੂੰ ਮਹਿਸੂਸ ਕਰਦਿਆਂ ਆਪਣੇ ਵਿਚਾਰਾਂ ਅਤੇ ਅਨੁਭਵ ਨੂੰ ਪੁਸਤਕਾਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ। ਸਮੁੱਚੇ ਰੂਪ ਵਿੱਚ ਵਰਤਮਾਨ ਸਮੇਂ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਰਤ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ ਨੇ 8 ਪੁਸਤਕਾਂ; ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਨੇ 4 ਪੁਸਤਕਾਂ; ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 10 ਪੁਸਤਕਾਂ ਅਤੇ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਤੋਂ ਵਿਸਮਾਦ ਨਾਦ ਲੁਧਿਆਣਾ ਨੇ 4 ਪੁਸਤਕਾਂ; ਸਵਰ ਸਮੁੰਦ ਲੁਧਿਆਣਾ ਨੇ 5 ਪੁਸਤਕਾਂ; ਗੁਰੂ ਨਾਨਕ ਵਿਦਿਆ ਭੰਡਾਰ ਟਰੱਸ਼ਟ ਨਵੀਂ ਦਿੱਲੀ ਨੇ 8 ਪੁਸਤਕਾਂ; ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਨੇ 10 ਪੁਸਤਕਾਂ ; ਭਾਈ ਚਤੁਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵਾਲਿਆਂ ਨੇ 16 ਪੁਸਤਕਾਂ; ਸਿੰਘ ਬ੍ਰਦਰਜ ਅੰਮ੍ਰਿਤਸਰ ਨੇ 10 ਪੁਸਤਕਾਂ; ਗੁਰਮਤਿ ਪ੍ਰਕਾਸ਼ਨ ਪਟਿਆਲਾ ਨੇ 6 ਪੁਸਤਕਾਂ; ਦਮਦਮੀ ਟਕਸਾਲ ਮਹਿਤਾ ਚੌਂਕ, ਅੰਮ੍ਰਿਤਸਰ ਨੇ 2 ਪੁਸਤਕਾਂ; ਦਾ ਯੋਗਦਾਨ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ।

ਇਸੇ ਸਮੇਂ ਪ੍ਰਕਾਸ਼ਨਾਵਾਂ ਦੀ ਇਸ ਕੜੀਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕਾਰਜਰਤ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਅਤੇ ਗਿਆਨੀ ਗਿਆਨ ਸਿੰਘ ਵਲੋਂ 1961 ਵਿੱਚ ਲਿਖੀ ਪੁਸਤਕ 'ਗੁਰਬਾਣੀ ਸੰਗੀਤ' ਗੁਰਬਾਣੀ ਰਸਿਕ ਪ੍ਰੇਮੀਆਂ ਦੇ ਰੂ-ਬ-ਰੂ ਹੋਈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਨਿਰਧਾਰਿਤ ਰਾਗਾਂ ਵਿੱਚ ਸ਼ਬਦਾਂ ਨੂੰ ਲਿਪੀਬੱਧ ਕੀਤਾ ਗਿਆ ਹੈ। ਇਹ ਪੁਸਤਕ ਗੁਰਮਤਿ ਸੰਗੀਤ ਦੇ ਕਿਰਿਅਤਮਕ ਪੱਖ ਨੂੰ ਬਹੁਤ ਹੀ ਵਡਮੁੱਲੀ ਦੇਣ ਹੈ ।ਸੰਗੀਤ ਖੇਤਰ ਦੇ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਪਤਾ ਚੱਲਦਾ ਹੈ ਕਿ 1971-1972 ਵਿੱਚ ਡਾ. ਅਜੀਤ ਸਿੰਘ ਪੈਂਤਲ ਨੇ 'ਭਾਰਤੀ ਸ਼ਾਸ਼ਤਰੀ ਸੰਗੀਤ ਵਿੱਚ ਸਿੱਖ ਸੰਗੀਤ ਦੀ ਨੁਹਾਰ ਅਤੇ ਮਹੱਤਤਾ' ਦਿੱਲੀ ਤੋਂ ਪ੍ਰਕਾਸ਼ਿਤ ਕਰਵਾਈ ਜਿਸ ਵਿੱਚ ਲੇਖਕ ਨੇ ਭਾਰਤੀ ਸ਼ਾਸ਼ਤਰੀ ਸੰਗੀਤ ਦੇ ਵਿਭਿੰਨ ਪਹਿਲੂਆਂ ਦੀ ਚਰਚਾ ਕਰਨ ਦੇ ਨਾਲ ਨਾਲ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੇ ਅੰਤਰ ਸਬੰਧਾਂ ਤੋਂ ਜਾਣੂੰ ਕਰਵਾਇਆ ਹੈ, ਮੰਦੇ ਭਾਗਾਂ ਨੂੰ ਇਹ ਪੁਸਤਕ ਉਪਲਬੱਧ ਨਹੀਂ ਹੋ ਸਕੀ। ਇਸੇ ਸਮੇਂ ਸੰਗੀਤ ਦੇ ਖੋਜ ਅਤੇ ਪ੍ਰਕਾਸ਼ਨ ਖੇਤਰ ਦਾ ਸਫਲ ਨਾਮ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਹੁਰਾਂ ਦੇ ਰੂਪ ਵਿੱਚ

ਸਾਹਮਣੇ ਆਉਂਦਾ ਹੈ ਜਿਨ੍ਹਾਂ ਦੀ ਰਚਨਾ 'ਸ੍ਰੀ ਗੁਰੂ ਤੇਗ ਬਹਾਦਰ ਰਾਗ ਰਤਨਾਵਲੀ' ਸਿੱਖ ਸੰਸਾਰ ਵਿੱਚ ਆਪਣੇ ਢੰਗ ਦੀ ਪਹਿਲੀ ਦੇਣ ਹੈ। ਇਸ ਪੁਸਤਕ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਤੀਜੀ ਸ਼ਤਾਬਦੀ ਸਮੇਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1977 ਵਿੱਚ ਪ੍ਰਕਾਸ਼ਿਤ ਕੀਤਾ। ਇਸ ਪੁਸਤਕ ਦੇ ਸਿਰਲੇਖ ਤੋਂ ਹੀ ਸ਼ਪਸਟ ਹੈ ਕਿ ਪੁਸਤਕ ਵਿਚਲੀ ਸਮੁੱਚੀ ਸਮਗਰੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਰਚਿਤ ਬਾਣੀ ਨੂੰ ਰਾਗ ਕ੍ਰਮ ਅਤੇ ਸੁਰਲਪੀ ਅਨੁਸਾਰ ਅੰਕਿਤ ਕੀਤਾ ਹੈ। ਇਸੇ ਸਮੇਂ ਲੇਖਕ ਨੇ ਇਕ ਹੋਰ ਰਚਨਾ ਗੁਰੂ ਅਮਰਦਾਸ ਰਾਗ ਰਤਨਾਵਲੀ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦੀ ਪਵਿੱਤਰ ਬਾਣੀ ਵਿੱਚੋਂ 40 ਸ਼ਬਦਾਂ ਅਤੇ ਆਨੰਦ ਸਾਹਿਬ ਨੂੰ ਸਵਰਲਿਪੀਬੱਧ ਕੀਤਾ ਹੈ। 1977 ਵਿੱਚ ਸ੍. ਪਿਆਰਾ ਸਿੰਘ ਨੇ 'ਗੁਰਵੰਦਨ ਸੰਗੀਤ' ਸਿਰਲੇਖ ਹੇਠ ਪੁਸਤਕ ਦੀ ਰਚਨਾ ਕੀਤੀ। ਗੁਰਬਾਣੀ ਸੰਗੀਤ ਦੀਆਂ ਪ੍ਰਾਚੀਨ ਸ਼ਬਦ ਰੀਤਾਂ ਦੀ ਰਿਕਾਰਡਿੰਗ ਨੂੰ ਸੁਰਲਿਪੀਆਂ ਵਿੱਚ ਤਬਦੀਲ ਕਰਕੇ ਭਾਈ ਅਵਤਾਰ ਸਿੰਘ ਅਤੇ ਭਾਈ ਗੁਰਚਰਨ ਸਿੰਘ ਨੇ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਸਿਰਲੇਖ ਹੇਠ ਇੱਕ ਪੁਸਤਕ ਦੀ ਰਚਨਾ ਕੀਤੀ ਜਿਸਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1979 ਵਿੱਚ ਪ੍ਰਕਾਸ਼ਿਤ ਕਰਵਾਇਆ। 1979 ਵਿੱਚ ਹੀ ਪ੍ਰੋ. ਗੁਰਦਿਆਲ ਸਿੰਘ ਕ੍ਰਿਤ 'ਰਾਗ ਪ੍ਰਬੋਧ' ਅਤੇ ਸੰਤ ਜੁਗਿੰਦਰ ਸਿੰਘ ਸਰਲ ਕ੍ਰਿਤ 'ਹਰੀ ਕੀਰਤਨ ਸਿੱਖਿਆ' ਨਾਮਕ ਪੁਸਤਕਾਂ ਦਾ ਪ੍ਰਕਾਸ਼ਨ ਹੋਇਆ । 1982 ਵਿੱਚ ਏ. ਐਸ ਗੋਸਲ ਦੀ 'ਸਿੱਖ ਧਰਮ ਅਤੇ ਸੰਗੀਤ' ਨਾਮਕ ਪੁਸਤਕ ਪੰਜਾਬ ਸਰਕਾਰ ਵਲੋਂ ਸਥਾਪਿਤ ਯੂਨੀਵਰਸਿਟੀ ਟੈਕਸਟ ਬੋਰਡ ਨੇ ਛਾਪੀ, ਇਸ ਪੁਸਤਕ ਨੂੰ ਸੰਗੀਤ ਦੇ ਉੱਘੇ ਵਿਦਵਾਨ ਪ੍ਰੋ. ਤਾਰਾ ਸਿੰਘ ਹੁਰਾਂ ਨੇ ਸੋਧਿਆ ਹੈ ਅਤੇ ਸੰਪਾਦਕ ਡਾ. ਮੋਹਨ ਸਿੰਘ 'ਰਤਨ' ਦਸੇ ਗਏ ਹਨ । ਇਸ ਪੁਸਤਕ ਵਿੱਚ ਸਿੱਖ ਧਰਮ ਅਤੇ ਸੰਗੀਤ; ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੇ ਰਾਗ; ਸ੍ਰੀ ਗੁਰੂ ਨਾਨਾਕ ਦੇਵ ਅਤੇ ਸੰਗੀਤ; ਹੋਰ ਗੁਰੂ ਸਾਹਿਬਾਨ ਅਤੇ ਸੰਗੀਤ; ਕੀਰਤਨ ਕੇਂਦਰ ਅਤੇ ਸਿੱਖ ਧਰਮ ਦੇ ਉੱਘੇ ਸੰਗੀਤਕਾਰ ਵਿਸ਼ੇ ਸ਼ਾਮਿਲ ਹਨ। 1986 ਵਿੱਚ '**ਸ਼ਾਸ਼ਤਰੀ ਸੰਗੀਤ ਦੀ ਪਰੰਪਰਾ ਵਿੱਚ ਸਿੱਖ ਸੰਗੀਤ ਦਾ ਵਿਕਾਸ' ਨਾਮੀ ਪੁਸਤਕ ਦੀ ਰਚਨਾ ਇਤਿਹਾਸ, ਸੰਗੀਤ ਸ਼ਾਸਤਰ ਅਤੇ ਸੰਸਕ੍ਰਿਤੀ ਵਿਗਿਆਨ ਦੇ ਉੱਘੇ ਲੇਖਕ ਡਾ. ਦਵਿੰਦਰ ਸਿੰਘ ਵਿਦਿਆਰਥੀ ਦੁਆਰਾ ਕੀਤੀ ਗਈ ਜਿਸ ਨੂੰ ਸਿੱਖ ਇਤਿਹਾਸ ਖੋਜ ਵਿਚਾਗ, ਖਾਲਸਾ ਕਾਲਜ, ਅੰਮ੍ਰਿਤਸਰ ਨੇ 1986 ਵਿੱਚ ਪ੍ਰਕਾਸ਼ਿਤ ਕਰਵਾਇਆ। ਇਹ ਪੁਸਤਕ ਸਿੱਖ ਸੰਗੀਤ ਦੀ ਬਹੁਤ ਹੀ ਮਹੱਤਵਪੂਰਨ ਪੁਸਤਕ ਹੈ ਜਿਸ ਵਿੱਚ ਲੇਖਕ ਨੇ ਪ੍ਰਾਚੀਨ ਕਾਲ ਤੋਂ ਲੈ ਕੇ ਵਰਤਮਾਨ ਤੱਕ ਦੇ ਸੰਗੀਤ ਬਾਰੇ ਸੰਖੇਪ ਰੂਪ ਵਿੱਚ ਬਹੁਮੁੱਲੀ ਜਾਣਕਾਰੀ ਪ੍ਰਕਾਸ਼ਿਤ ਕੀਤੀ ਹੈ। ਪੁਸਤਕ ਦਾ ਪੂਰਬਲਾ ਅੱਧ ਭਾਰਤੀ ਸ਼ਾਸ਼ਤਰੀ ਸੰਗੀਤ ਨਾਲ ਸਬੰਧਿਤ ਹੈ ਜਦਕਿ ਅੰਤਲਾ ਅੱਧ ਭਾਰਤੀ ਸੰਗੀਤ ਅਤੇ ਸਿੱਖ ਸੰਗੀਤ ਦੀ ਮਹੱਤਵਪੂਰਨ ਜਾਣਕਾਰੀ ਦੇਣ ਵਿੱਚ ਸਮੱਰਥ ਹੈ। ਪੁਸਤਕ ਦੀ ਭਾਸ਼ਾ ਸ਼ੈਲੀ ਵਿਚਲੇ ਵਧੇਰੇ ਸ਼ਬਦ ਨਿਤ ਵਰਤੋਂ ਦੀ ਭਾਸ਼ਾ ਵਾਲੇ ਹਨ । ਪੁਸਤਕ ਦੀ ਸਮੁੱਚੀ ਸਮਗਰੀ ਸਾਂਕੇਤਿਕ ਹੈ, ਪੁਸਤਕ ਦਾ ਆਕਾਰ ਸੰਕੋਚਵਾਂ ਹੈ ਅਤੇ ਪੁਸਤਕ ਦੀ ਸਾਰੀ ਵਿਉਂਤ ਕ੍ਰਮਵਾਰ ਗਤੀ ਦੇ ਚੌਖਟੇ ਵਿੱਚ ਬੱਝੀ ਹੋਈ ਹੈ। 1986 ਵਿੱਚ ਡਾ. ਵਿਦਿਆਰਥੀ ਦੀ 'ਗੁਰਬਾਣੀ ਦੇ ਰਾਗ : ਸੰਬੋਧ ਅਤੇ ਸਾਰਥਕਤਾ' ਸਿਰਲੇਖ ਹੇਠ ਇਕ ਹੋਰ ਪੁਸਤਕ ਪ੍ਰਕਾਸ਼ਿਤ ਹੋਈ। ਜਿਸ ਵਿੱਚ ਗੁਰਮਤਿ ਸੰਗੀਤ ਦੇ ਰਾਗਾਂ ਦੀ ਪ੍ਰਚੇਤਨਾ ਅਤੇ ਸਾਰਥਕਤਾ ਤੋਂ ਜਾਣੂੰ ਕਰਵਾਇਆ ਗਿਆ ਹੈ। ਸੰਨ 2000 ਵਿੱਚ** ਡਾ: ਗੁਰਨਾਮ ਸਿੰਘ ਨੇ 'ਗੁਰਮਤਿ ਸੰਗੀਤ ਪਰਬੰਧ ਅਤੇ ਪਾਸਾਰ' ਨਾਮੀ ਪੁਸਤਕ ਦੀ ਰਚਨਾ ਕੀਤੀ ਜਿਸਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਰਾਹੀਂ 2000 ਵਿੱਚ ਹੋਇਆ।ਇਸ ਪੁਸਤਕ ਵਿੱਚ ਲੇਖਕ ਨੇ ਪ੍ਰਾਚੀਨ ਸੰਗੀਤ ਅਤੇ ਸੱਭਿਆਚਾਰ ਦੇ ਪੁਨਰ ਉਥਾਨ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਿਦਵਾਨੀ ਭਾਸ਼ਾ ਵਿੱਚ ਪ੍ਰਕਾਸ਼ਿਤ ਇਹ ਪੁਸਤਕ ਗੁਰਮਤਿ ਸੰਗੀਤ ਨਾਲ ਸਬੰਧਿਤ ਹਰ ਇਕ ਪਹਿਲੂ ਨਾਲ ਲਗਵੀਂ ਜਾਣਕਾਰੀ ਸਮੋਈ ਬੈਠੀ ਹੈ। ਇਸ ਤੋਂ ਇਲਾਵਾ ਡਾ.ਗੁਰਨਾਮ ਸਿੰਘ ਹੁਰਾਂ ਨੇ ਗੁਰਮਤਿ ਸੰਗੀਤ ਦੇ ਪ੍ਰਚਾਰ ਅਤੇ ਪਰਸਾਰ ਕਈ ਜੋ ਅਣਥੱਕ ਯਤਨ ਕੀਤੇ ਹਨ ਉਹ ਕਿਸੇ ਮੀਲ ਪੱਥਰ ਤੋਂ ਘੱਟ ਨਹੀਂ, ਆਪ ਨੇ ਵਿਭਿੰਨ ਭਾਸ਼ਾਵਾਂ ਵਿੱਚ ਗੁਰਮਤਿ ਸੰਗੀਤ, ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਵਿਧਾਵਾਂ ਨਾਲ ਸਬੰਧਿਤ ਪੁਸਤਕਾਂ ਦੀ ਰਚਨਾ ਕੀਤੀ ਜੋ ਵਰਤਮਾਨ ਸਮੇਂ ਦੀ ਨੌਜੁਆਨ ਪੀੜ੍ਹੀ ਲਈ ਪ੍ਰੇਰਣਾ ਸ਼ਰੋਤ ਹੈ।

ਉਪਰੋਕਤ ਪੁਸਤਕਾਂ ਤੋ ਇਲਾਵਾ ਗੁਰਮਤਿ ਸੰਗੀਤ ਦੇ ਸਿਧਾਤਿਕ ਪੱਖ ਨਾਲ ਸਬੰਧਿਤ ਨਿਰਬਾਣ ਕੀਰਤਨ (ਹਰਬੰਸ ਸਿੰਘ ਗਿਆਨੀ, 1976); ਗੁਰਬਾਣੀ ਸੰਗੀਤ ਬਾਰੇ (ਡਾ. ਦਰਸ਼ਨ ਸਿੰਘ ਨਰੂਲਾ ,1985); ਗੁਰਬਾਣੀ ਦੇ ਰਾਗ : ਸੰਬੋਧ ਅਤੇ ਸਾਰਥਕਤਾ (ਡਾ. ਦਵਿੰਦਰ ਸਿੰਘ ਵਿਦਿਆਰਥੀ, 1986); ਸ਼ਾਸਤਰੀ ਸੰਗੀਤ ਵਿੱਚ ਸਿੱਖ ਸੰਗੀਤ ਦਾ ਵਿਕਾਸ (ਡਾ. ਦਵਿੰਦਰ ਸਿੰਘ ਵਿਦਿਆਰਥੀ, 1986) ; ਗੋਲਡਨ ਜੁਬਲੀ ਗੁਰਮਤਿ ਵਿਦਿਆਲਾ 1990; ਅਮੋਲਕ ਹੀਰਾ ਭਾਈ ਹੀਰਾ ਸਿੰਘ ਰਾਗੀ (ਬਲਵੰਤ ਸਿੰਘ,1991) ; ਕੀਰਤਨ ਸੰਦਰਭ ਅਤੇ ਸਰੂਪ (ਡਾ. ਦਵਿੰਦਰ ਸਿੰਘ ਵਿਦਿਆਰਥੀ, 1992); ਗੁਰਮਤਿ ਸੰਗੀਤ ਵਿਭਿੰਨ ਪਰਿਪੇਖ (ਸੰ. ਡਾ. ਗੁਰਨਾਮ ਸਿੰਘ,1995); ਸਵਰ-ਸਮੁੰਦ ਜੀਵਨ ਝਾਤ ਭਾਈ ਸਮੁੰਦ ਸਿੰਘ ਜੀ (ਪ੍ਰੋ. ਪਰਮਜੋਤ ਸਿੰਘ, 1996); ਗੁਰਮਤਿ ਸੰਗੀਤ ਵਿੱਚ ਕੀਰਤਨ ਦਾ ਮਹੱਤਵ (ਪ੍ਰੋ. ਅਮਰਜੀਤ ਸਿੰਘ); ਜੀਵਨ ਗਾਥਾ ਭਾਈ ਜੁਆਲਾ ਸਿੰਘ ਜੀ ਰਾਗੀ; ਕੀਰਤਨ ਨਿਰਮੋਲਕ ਹੀਰਾ ਅਤੇ ਸੰਗੀਤ ਕਲਾ (ਰਾਗੀ ਗੁਰਚਰਨ ਸਿੰਘ ਕੰਵਲ, 1998); ਭਗਤਿ ਭਾਇ ਹਰਿ ਕੀਰਤਨ ਕਰੀਐ ਸੰਤ ਬਾਬਾ ਸ਼ਾਮ ਸਿੰਘ (ਕੁਲਦੀਪ ਸਿੰਘ ਮਤਵਾਲਾ,2000); ਧੰਨ ਸੁ ਰਾਗ ਸੁਰੰਗੜੇ (ਡਾ. ਜਸਬੀਰ ਕੌਰ ਖਾਲਸਾ) ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਲੋਕ ਸੰਗੀਤਕ ਤੱਤ (ਸ. ਗੁਰਪ੍ਰਤਾਪ ਸਿੰਘ 'ਗਿਲ'2001); ਕਾਵਿ ਤੇ ਸੰਗੀਤ (ਡਾ. ਜਾਗੀਰ ਸਿੰਘ, 2004); ਗੁਰਮਤਿ ਸੰਗੀਤ ਦਾ ਸੰਗੀਤ ਵਿਧਾਨ (ਡਾ ਵਰਿੰਦਰ ਕੌਰ 'ਪਦਮ'2005); ਗੁਰਮਤਿ ਸੰਗੀਤ ਪਰੰਪਰਾ (ਮਨਜੀਤ ਕੌਰ,2005); ਗੁਰਮਤਿ ਸੰਗੀਤ ਦੀ ਇਤਿਹਾਸਕ ਵਿੱਲਖਣਤਾ (ਡਾ. ਜਸਬੀਰ ਕੌਰ, 2006); ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਈ ਸੁਖਵੰਤ ਸਿੰਘ, 2006); ਗੁਰੂ ਨਾਨਕ ਦੇਵ ਜੀ ਤੇ ਸੰਗੀਤ (ਡਾ. ਜਾਗੀਰ ਸਿੰਘ,2007); ਪੰਜਾਬ ਦੇ ਪ੍ਰਸਿੱਧ ਰਾਗੀ ਅਤੇ ਰਬਾਬੀ (ਬਲਬੀਰ ਸਿੰਘ ਕੰਵਲ 2010); ਅਮੋਲਕ ਹੀਰੇ ਭਾਈ ਅਮੀਰ ਸਿੰਘ (ਨਰਿੰਦਰ ਸਿੰਘ ਸੋਚ); ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰ ਲੜੀ ਬਾਬਾ ਸ਼ਾਮ ਸਿੰਘ (ਦਿਲਜੀਤ ਸਿੰਘ ਬੇਦੀ,2010); ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰ ਲੜੀ ਭਾਈ ਮਰਦਾਨਾ (ਡਾ. ਮਹਿੰਦਰ ਕੌਰ ਗਿੱਲ,2010); ਗੁਰਮਤਿ ਸੰਗੀਤ ਦੇ ਅਣਮੋਲ ਰਤਨ (ਨਿਰਮਲ ਸਿੰਘ 'ਪਦਮ ਸ਼੍ਰੀ, 2012); ਨਮੋ ਗੀਤ ਗੀਤੇ, ਰਾਗਮਾਲਾ ਗੁਰਬਾਣੀ ਹੈ ਆਦਿ ਪੁਸਤਕਾਂ ਪ੍ਰਮੁੱਖ ਹਨ ਜੋ ਗੁਰਮਤਿ ਸੰਗੀਤ ਦੇ ਸਿਧਾਂਤਿਕ ਵਿਧੀ ਵਿਧਾਨ ਅਤੇ ਪੁਰਾਤਨਤਾ ਤੋਂ ਜਾਣੂੰ ਕਰਵਾਉਦੀਆਂ ਹਨ।

ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਨਾਲ ਸਬੰਧਿਤ ਚਉਂਕੀ ਸਾਹਿਬ ਜੀ ਦੀ ਮਰਿਯਾਦਾ (ਗਿਆਨੀ ਲਾਭ ਸਿੰਘ, 1939); ਹਰਮੋਨਿਯਮ ਕੀਰਤਨ ਸਿਖਿਆ ਅਤੇ ਤਬਲਾ ਗਾਈਡ (ਪ੍ਰੋ. ਸੁੰਦਰ ਸਿੰਘ); ਗੁਰੂ ਅਮਰਦਾਸ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ,1979); ਰਾਗ ਪ੍ਰਬੋਧ (ਪ੍ਰੋ. ਗੁਰਦਿਆਲ ਸਿੰਘ 'ਕਵੀ ਰਾਗ' 1979); ਗੁਰਮਤਿ ਸੰਗੀਤ ਸਾਗਰ (ਪ੍ਰਿੰਸੀਪਲ ਦਿਆਲ ਸਿੰਘ,1984) ਗੁਰਮਤਿ ਸੰਗੀਤ ਸਾਗਰ ਚਾਰ ਭਾਗ (ਪ੍ਰਿੰਸੀਪਲ ਦਿਆਲ ਸਿੰਘ,1988); ਭਗਤ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ,1992); ਆਦਿ ਗ੍ਰੰਥ ਰਾਗ ਕੋਸ਼ (ਡਾ. ਗੁਰਨਾਮ ਸਿੰਘ); ਗੁਰੂ ਅੰਗਦ ਦੇਵ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ); ਗੁਰੂ ਅੰਗਦ ਦੇਵ ਸੰਗੀਤ ਦਰਪਣ (ਪ੍ਰੋ. ਕਰਤਾਰ ਸਿੰਘ); ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ,1994); ਮਸਤੂਆਣਾ ਟਕਸਾਲ ਸ਼ਬਦ ਕੀਰਤਨ ਰਚਨਾਵਲੀ (ਦਿਆਲ ਸਿੰਘ); ਪੜਤਾਲ ਗਾਇਕੀ (ਪ੍ਰੋ. ਤਾਰਾ ਸਿੰਘ); ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਭਾਈ ਸੁਖਵੰਤ ਸਿੰਘ); ਗੁਰੂ ਰਾਮਦਾਸ ਰਾਗ ਰਤਨਾਵਲੀ (ਪ੍ਰੋ. ਤਾਰਾ ਸਿੰਘ,1995); ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ (ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ ਰਾਗੀ); ਗਉੜੀ ਰਾਗ ਸੁਲੱਖਣੀ (ਪ੍ਰੋ. ਪਰਮਜੋਤ ਸਿੰਘ,1998); ਗੁਰਮਤਿ ਸੰਗੀਤ ਵਿੱਚ ਗਉੜੀ ਦੇ ਪ੍ਰਕਾਰ (ਉਸਤਾਦ ਸੁਰਜੀਤ ਸਿੰਘ,1999); ਗੁਰਸ਼ਬਦ ਰਾਗ ਰਤਨਾਕਰ (ਡਾ. ਗੁਰਨਾਮ ਸਿੰਘ); ਨਵੀਨ ਗੁਰਮਤਿ ਸੰਗੀਤ (ਸੰਤ ਚਰਨਜੀਤ ਸਿੰਘ); ਨਿਰਮਲ ਨਾਦ (ਜਗਜੀਤ ਸਿੰਘ ਕੋਹਾੜਕਾ); ਰਾਗ ਅਤੇ ਰਸ (ਜਗਜੀਤ ਸਿੰਘ ਕੋਹਾੜਕਾ, ਤਜਿੰਦਰ ਸਿੰਘ); ਰਾਗ ਨਾਦ (ਜਗਜੀਤ ਸਿੰਘ ਕੋਹਾੜਕਾ,2002); ਰੰਗਲੇ ਰਾਗ (ਜਗਜੀਤ ਸਿੰਘ ਕੋਹਾੜਕਾ,2004); ਰਾਗ ਸਰੂਪ ਨਿਰਣੈ:ਸ਼੍ਰੀ ਗੁਰੂ ਗ੍ਰੰਥ ਸਾਹਿਬ ( ਭਾਈ ਸੁਖਵੰਤ ਸਿੰਘ,2007); ਗਉੜੀ ਰਾਗ ਸੁਲੱਖਣੀ (ਪ੍ਰਿੰਸੀਪਲ ਸਮਸ਼ੇਰ ਸਿੰਘ ਕਰੀਰ); ਗੁਰਮਤਿ ਸੰਗੀਤ ਭਾਗ ਪਹਿਲਾ (ਹਰਮਿੰਦਰ ਸਿੰਘ); ਸਰਲ ਕੀਰਤਨ ਸਿਖਿਆ (ਭਾਈ ਹਰਦੇਵ ਸਿੰਘ ਦੀਵਾਨਾ,2007); ਗੁਰੂ ਅਮਰਦਾਸ ਰਾਗ ਰਤਨਾਕਰ (ਪ੍ਰੋ. ਤਾਰਾ ਸਿੰਘ,2008); ਗੁਰਮਤਿ ਸੰਗੀਤ ਪੜਤਾਲ ਸ਼ਬਦ ਗਾਇਨ (ਡਾ.ਕੰਵਲਜੀਤ ਸਿੰਘ,ਸਵਰਲੀਨ; 2010) ਗੁਰੂ ਅਰਜਨ ਬਾਣੀ ਰਾਗ ਰਤਨਾਕਰ (ਡਾ. ਗੁਰਨਾਮ ਸਿੰਘ, 2012); ਆਦਿ ਪੁਸਤਕਾਂ

ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਦੀ ਪ੍ਰਤੀਨਿਧਤਾ ਕਰਦੀਆਂ ਹਨ।

ਗੁਰਮਤਿ ਸੰਗੀਤ ਦੀਆਂ ਪੁਸਤਕਾਂ ਦੇ ਨਾਲ-ਨਾਲ ਵੱਖ-ਵੱਖ ਸਮੇਂ ਕਈ ਮਹੱਤਵਪੂਰਨ ਰਸਾਲੇ (ਮਾਸਿਕ, ਤ੍ਰੈ-ਮਾਸਿਕ ਅਤੇ ਸਾਲਾਨਾ ਰੂਪ ਵਿੱਚ) ਪ੍ਰਕਾਸ਼ਿਤ ਹੁੰਦੇ ਰਹੇ ਹਨ ਜਿਹਨਾਂ ਵਿੱਚੋਂ ਸਰਬਪ੍ਰਥਮ 1961 ਵਿੱਚ ਸ੍. ਰਵੇਲ ਸਿੰਘ 'ਰਵੇਲ' ਦਾ ਨਾਮ ਸਾਹਮਣੇ ਆਉਂਦਾ ਹੈ 'ਜਿਨ੍ਹਾਂ ਨੇ ਵਰਤਮਾਨ ਸਦੀ ਦੇ ਅੱਧ ਵਿੱਚ ਪਟਿਆਲੇ ਤੋਂ ਇੱਕ ਮਾਸਿਕ ਪੱਤਰ ਗੁਰਮਤਿ ਸੰਗੀਤ ਦੇ ਪਾਸਾਰ ਅਤੇ ਪ੍ਰਚਾਰ ਲਈ ਕੱਢਿਆ,.......... ਪਰੰਤੂ ਕਿਧਰੋਂ ਵੀ ਆਰਥਿਕ ਸਹਾਇਤਾ ਨਾ ਮਿਲਣ ਕਾਰਨ ਇਹ ਪੱਤਰ ਛੇਤੀ ਹੀ ਦਮ ਤੋੜ ਗਿਆ । ਇਸ ਤੋਂ ਬਾਅਦ ਅੰਮ੍ਰਿਤ ਕੀਰਤਨ (ਇਹ ਮਾਸਿਕ ਰਸਾਲਾ ਅੰਮ੍ਰਿਤ ਕੀਰਤਨ ਟਰੱਸ਼ਟ,ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੁੰਦਾ ਹੈ ਜਿਸਦੀ ਰਹਿਨੁਮਾਈ ਗੁਰਮਤਿ ਸੰਗੀਤ ਦੇ ਵਿਖਿਆਤ ਵਿਦਵਾਨ ਡਾ. ਜਾਗੀਰ ਸਿੰਘ ਕਰ ਰਹੇ ਹਨ ਜੋ ਪਿਛਲੇ ਕਈ ਦਹਾਕਿਆਂ ਤੋਂ ਨਿਰੰਤਰ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਇਸ ਲਈ ਸਮੂਹ ਟਰੱਸ਼ਟੀ, ਵਿਦਵਾਨ ਅਤੇ ਪਾਠਕ ਵਧਾਈ ਦੇ ਪਾਤਰ ਹਨ), ਵਿਸਮਾਦ ਨਾਦ (ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ, ਲੁਧਿਆਣਾ), ਸਮਾਜ ਵਿਗਿਆਨ ਪਤ੍ਰਿਕਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦੇ ਕੁਝ ਸੰਗੀਤ ਅੰਕ, ਗੁਰਮਤਿ ਸੰਗੀਤ ਕੀਰਤਨ ਅੰਕ (ਅੰਮ੍ਰਿਤਸਰ), ਸਿੰਘ ਸਭਾ ਪਤ੍ਰਿਕਾ-ਕੀਰਤਨ ਅੰਕ (ਅੰਮ੍ਰਿਤਸਰ) ਆਦਿ ਦੇ ਨਾਮ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ।

ਆਰੰਭ ਤੋਂ ਗੁਰੂ ਸਹਿਬਾਨ ਨੇ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਉੱਪਰ ਗਾਉਣ ਦਾ ਵਿਧਾਨ ਦਸਿਆ ਪਰੰਤੂ ਪਿਛਲੇ ਦਹਾਕਿਆਂ ਵਿੱਚ ਗੁਰਬਾਣੀ ਕੀਰਤਨ ਫਿਲਮੀ ਧੁਨਾਂ ਜਾਂ ਹੋਰ ਪ੍ਰਚਲਿਤ ਉੱਪਰ ਗਾਇਆ ਜਾਣ ਲਗਾ ਸੀ। ਅਜਿਹੇ ਸਮੇਂ ਗੁਰਬਾਣੀ ਸੰਗੀਤ ਦੇ ਵਿਖਿਆਤ ਕੀਰਤਨਕਾਰਾਂ ਅਤੇ ਉੱਘੇ ਵਿਦਵਾਨਾਂ ਨੇ ਇਸ ਪਰੰਪਰਾ ਨੂੰ ਬਚਾਉਣ ਲਈ ਕਿਰਿਆਤਮਕ ਸੇਧ ਤੋਂ ਇਲਾਵਾ ਆਪਣੇ ਗਿਆਨ ਦੇ ਸੋਮੇ ਨੂੰ ਪੁਸਤਕਾਂ ਅਤੇ ਰਸਾਲਿਆਂ ਦੇ ਰੂਪ ਵਿੱਚ ਪ੍ਰਕਾਸ਼ਿਤ ਕਰਵਾ ਕੇ ਅਜੋਕੇ ਕੀਰਤਨਕਾਰਾਂ ਨੂੰ ਨਿਵੇਕਲੀ ਸੇਧ ਪ੍ਰਦਾਨ ਕੀਤੀ। ਨਤੀਜੇ ਵਜੋਂ ਨਵੀਂ ਪੀੜ੍ਹੀ ਦੇ ਕੀਰਤਨਕਾਰ ਇਨ੍ਹਾਂ ਪੁਰਾਤਨ ਪ੍ਰਕਾਸ਼ਨਾਵਾਂ ਵਿੱਚ ਪ੍ਰਕਾਸ਼ਿਤ ਪੁਰਾਤਨ ਰੀਤਾਂ ਅਤੇ ਰਾਗ ਵਿਧਾਨ ਤੋਂ ਜਾਣਕਾਰੀ ਪ੍ਰਾਪਤ ਕਰਕੇ ਗੁਰਬਾਣੀ ਨੂੰ ਗੁਰੂਆਂ ਦੁਆਰਾ ਨਿਰਦੇਸ਼ਤ ਰਾਗ ਪ੍ਰਬੰਧ ਅਨੁਸਾਰ ਗਾਇਨ ਵੱਲ ਰੁਚਿਤ ਹੋਏ। ਇਸ ਵਿੱਚ ਗੁਰਮਤਿ ਸੰਗੀਤ ਨੂੰ ਸਥਾਪਤ ਅਤੇ ਵਿਕਸਤ ਕਰਨ ਦੇ ਮਨੋਰਥ ਹਿੱਤ ਪੰਜਾਬੀ ਭਾਸ਼ਾਈ ਗੁਰਮਤਿ ਸੰਗੀਤ ਪ੍ਰਕਾਸ਼ਨਾਵਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। ਵਰਤਮਾਨ ਸਮੇਂ ਇਹਨਾਂ ਪ੍ਰਕਾਸ਼ਨਾਵਾਂ ਨੇ ਗੁਰਮਤਿ ਸੰਗੀਤ ਨੂੰ ਇਕ ਵਿਸ਼ੇ ਵਜੋਂ ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਉਪਰੋਕਤ ਵਿਵਰਣ ਤੋਂ ਇਹ ਵੀ ਸ਼ਪਸ਼ਟ ਹੁੰਦਾ ਹੈ ਕਿ ਹੋਰਨਾਂ ਧਾਰਮਿਕ ਸੰਸਥਾਵਾਂ ਦੇ ਪ੍ਰਕਾਸ਼ਨ ਕਾਰਜਾਂ ਦੇ ਨਾਲ-ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਵਿਸ਼ੇ ਉੱਪਰ ਸੁਤੰਤਰ ਵਿਭਾਗ ਸਥਾਪਤ ਕਰਕੇ ਅਕਾਦਮਿਕ ਖੇਤਰ ਵਿੱਚ ਖੋਜ ਅਤੇ ਵਿਸ਼ਾਗਤ ਪ੍ਰਕਾਸ਼ਨਾਵਾਂ ਦੀ ਦਿਸ਼ਾ ਵਿੱਚ ਭਰਪੂਰ ਯੋਗਦਾਨ ਪਾਇਆ ਹੈ।

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

ਪੁਸਤਕ – ਭੂਮਿਕਾ

# ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ

ਭਾਈ ਅਵਤਾਰ ਸਿੰਘ ਗੁਰਚਰਨ ਸਿੰਘ

ਜਗਤ ਤਾਰਕ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਜਿੱਥੇ ਹੋਰ ਬੇਅੰਤ ਪਰਉਪਕਾਰ ਦੇ ਕਾਰਜ ਕੀਤੇ ਤੇ ਭੁੱਲੇ ਲੋਕਾਂ ਨੂੰ ਸੱਚ ਦਾ ਮਾਰਗ ਦਰਸਾਇਆ ਉਥੇ ਇਹ ਭੀ ਸਤਿਗੁਰੂ ਜੀ ਦੀ ਕਲਜੁਗੀ ਜੀਵਾਂ ਉੱਪਰ ਮਹਾਨ ਬਖਸ਼ਿਸ਼ ਹੈ ਕਿ ਪ੍ਰਭੂ ਦੀ ਪ੍ਰਾਪਤੀ ਲਈ ਸਿਮਰਨ, ਭਗਤੀ ਦਾ ਸੁਖੈਨ ਢੰਗ ਹਰੀ ਕੀਰਤਨ ਪ੍ਰਚਲਤ ਕੀਤਾ। ਪੁਰਾਤਨ ਗਵੱਈਏ ਸੰਗੀਤਕਾਰ ਸੰਗੀਤ ਨੂੰ ਕੇਵਲ ਮਨੋਰੰਜਨ ਲਈ ਹੀ ਇਕ ਸਾਧਨ ਸਮਝਦੇ ਸਨ। ਇਸੇ ਲਈ ਉਹਨਾਂ ਦਾ ਰਾਗ ਗਾਉਣ ਦਾ ਢੰਗ ਹੋਰ ਸੀ ਜੈਸਾ ਕਿ ਉਹ ਬਹੁਤ ਥੋੜ੍ਹੇ ਜਿਹੇ ਬੋਲਾਂ ਨੂੰ ਬਹੁਤ ਕਾਫੀ ਸਮਾਂ ਗਾਇਆ ਕਰਦੇ ਤੇ ਉਹ ਜ਼ਿਆਦਾ ਕੇਵਲ ਸੰਗੀਤ ਦੀ ਕਲਾ ਨੂੰ ਹੀ ਮੁੱਖ ਰੱਖਿਆ ਕਰਦੇ ਸਨ। ਉਸ ਕਲਾ ਵਿਚ ਉਹ ਕਮਾਲੀਅਤ ਦਾ ਪ੍ਰਗਟਾਵਾ ਤਾਂ ਜ਼ਰੂਰ ਕਰਦੇ ਸਨ ਪਰ ਸ਼ਬਦ ਬੋਲ ਲਗਭਗ ਨਿਰਾਰਥ ਹੀ ਬਣ ਜਾਇਆ ਕਰਦੇ ਸਨ। ਰੱਬ ਨਾਲ ਜੁੜਨ ਲਈ ਲੋਕੀਂ ਬਹੁਤ ਕਠਿਨ ਸਾਧਨਾ ਦੁਆਰਾ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਣ ਨੂੰ ਹੀ ਆਪਣਾ ਮੰਜ਼ਿਲੇ-ਮਕਸੂਦ ਸਮਝਿਆ ਕਰਦੇ ਸੀ। ਪਰ ਸਤਿਗੁਰੂ ਜੀ ਨੇ ਮੰਜ਼ਿਲੇ-ਮਕਸੂਦ ਦੱਸਿਆ ਤੇ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਕੀਰਤਨ ਨੂੰ ਸਾਧਨ ਬਣਾਇਆ ਜੈਸਾ ਕਿ ਗੁਰਬਾਣੀ ਮਹਾਂਵਾਕ ਹੈ 'ਰਾਜ ਲੀਲਾ ਤੇਰੇ ਨਾਮ ਬਣਾਈ। ਜੋਗ ਬਨਿਆ ਤੇਰਾ ਕੀਰਤਨ ਗਾਈ'। ਮਨੁੱਖੀ ਮਨ ਤੇ ਸੰਗੀਤ ਦਾ ਪ੍ਰਭਾਵ ਬਹੁਤ ਜਲਦੀ ਪੈਂਦਾ ਹੈ, ਚਾਹੇ ਸੰਗੀਤ ਵਿਚ ਇਸ਼ਕ ਮਜਾਜ਼ੀ ਦੇ ਗੀਤ ਗਾਏ ਜਾਣ ਜਾਂ ਇਸ਼ਕ ਹਕੀਕੀ ਦੇ ਗੀਤ ਗਾਏ ਜਾਣ। ਇਸ ਤਰ੍ਹਾਂ 'ਮੁਰਸ਼ਿਦੇ-ਕਾਮਲ ਇਲਾਜੋ-ਦਿਲ ਕੁਨਦ' ਭਾਈ ਨੰਦ ਲਾਲ ਸਾਹਿਬ ਦੇ ਕਥਨ ਮੁਤਾਬਿਕ ਬੀਮਾਰ ਦਿਲਾਂ ਦੇ ਇਲਾਜ ਲਈ ਧੁਰ ਦਰਗਾਹੋ' ਆਏ ਵੈਦ ਗੁਰੂ ਨਾਨਕ ਨੂੰ ਮਨੁੱਖੀ ਦਿਲਾਂ ਦੀ ਨਬਜ਼ ਦੀ ਜਾਂਚ ਕਰਕੇ ਰਾਗ ਵਿਚ ਗੰਦੇ ਗੀਤ ਅਥਵਾ ਇਸ਼ਕ ਮਜਾਜ਼ੀ ਦੇ ਗੀਤ ਜਾਂ ਹੋਰ ਨਿਰਾਰਥ ਸ਼ਬਦਾਂ ਨੂੰ ਗਾਣ ਦੀ ਬਜਾਏ ਰੱਬੀ ਸਿਫਤ ਸਲਾਹ ਵਾਲੇ ਸ਼ਬਦ ਗਾਉਣ ਦਾ ਤਰੀਕਾ ਅਪਣਾਇਆ ਤੇ ਇਤਿਹਾਸ ਗਵਾਹੀ ਦਿੰਦਾ ਹੈ ਕਿ ਪ੍ਰਭੂ ਦੀ ਸਿਫਤ ਸਲਾਹ ਵਾਲੇ ਸ਼ਬਦਾਂ ਨੂੰ ਰਾਗ ਵਿਚ ਸਤਿਗੁਰੂ ਜੀ ਦੀ ਰਚਨਾ ਤੋਂ ਸਰਵਨ ਕਰ ਕੇ ਬੜੇ ਚੋਰ, ਡਾਕੂ, ਧਾੜਵੀ ਰਾਕਸ਼ ਬਿਰਤੀਆਂ ਵਾਲੇ ਇਨਸਾਨ ਤੇ ਜ਼ਾਲਮ ਹੁਕਮਰਾਨ ਸਹੀ ਅਰਥਾਂ ਵਿਚ ਇਨਸਾਨ ਬਣ ਗਏ ਤੇ ਉਹਨਾਂ ਨੇ ਖਲਕਤੇ ਖੁਦਾ ਨੂੰ ਦੁੱਖ ਦੇਣ ਵਾਲੇ ਕਰਮਾਂ ਨੂੰ ਤਿਆਗ ਕੇ ਸੁੱਖ ਦੇਣ ਵੇਾਲੇ ਕਰਮਾਂ ਨੂੰ ਅਪਣਾ ਕੇ ਰੱਬ ਨਾਲ ਜੁੜ ਕੇ ਆਪਣਾ ਜਨਮ ਭੀ ਸੰਵਾਰ ਲਿਆ ਤੇ ਲੁਕਾਈ ਵਾਸਤੇ ਉਹ ਬੜੇ ਪਰਉਪਕਾਰੀ ਸਾਬਤ ਹੋਏ। ਸਤਿਗੁਰੂ ਜੀ ਨੇ ਇਸ ਪ੍ਰਚਾਰ ਦੀ ਸੇਵਾ ਲਈ ਭਾਈ ਮਰਦਾਨੇ ਨੂੰ ਆਪਣਾ ਸਾਥੀ ਚੁਣਿਆ। ਇਹ ਖਿਆਲ ਗ਼ਲਤ ਹੈ ਕਿ ਗਾਉਣ ਵਜਾਉਣ ਦਾ ਕੰਮ ਕੇਵਲ ਮਰਾਸੀ ਜਾਤ ਵਾਲੇ ਹੀ ਕਰਿਆ ਕਰਦੇ ਸਨ ਬਲਕਿ ਸੱਚਾਈ ਇਹ ਹੈ ਕਿ ਉੱਚ ਜਾਤੀਆਂ ਵਾਲੇ ਸੰਗੀਤ ਕਲਾ ਵਿਚ ਉੱਚ ਸਿਖਰਾਂ ਤੇ ਸਨ। ਵਿਸਥਾਰ ਦੇ ਡਰ ਕਰਕੇ ਉਹਨਾਂ ਦਾ ਜ਼ਿਕਰ ਕਰਨਾ ਮੁਨਾਸਬ ਨਹੀਂ ਸਮਝਿਆ। ਨੀਵਿਆਂ ਨੂੰ ਉੱਚੇ ਕਰਨ ਵਾਲੇ ਤੇ ਸਾਰੇ ਮਨੁੱਖਾ ਨੂੰ ਬਰਾਬਰੀ ਦਾ ਦਰਜਾ ਦੇਣ ਵਾਲੇ ਸਤਿਗੁਰੂ ਦੀ ਇਹ ਵੀ ਮਹਾਨ ਬਖਸ਼ਿਸ਼

ਹੈ ਕਿ ਉਹਨਾਂ ਨੇ ਕੀਰਤਨ ਵਿਚ ਸਹਾਇਕ ਭਾਈ ਮਰਦਾਨੇ ਨੂੰ ਬਣਾਇਆ ਤੇ ਉਸ ਨੂੰ ਰਬਾਬ ਵਜਾਉਣ ਦੀ ਦਾਤ ਬਖਸ਼ੀ। ਇਸ ਤੋਂ ਪਹਿਲੇ ਉਹ ਲੋਕਾਂ ਦੀ ਨਜ਼ਰ ਵਿਚ ਕੇਵਲ ਮਿਰਾਸੀ ਹੀ ਸੀ ਪਰ ਸਤਿਗੁਰੂ ਦੀ ਮਿਹਰ ਦਾ ਸਦਕਾ ਰਬਾਬ ਵਜਾਉਣ ਕਰਕੇ ਉਹ ਭਾਈ ਮਰਦਾਨਾ ਬਣ ਗਿਆ ਤੇ ਉਸ ਦੀ ਬੰਸ ਵਾਲਿਆਂ ਨੂੰ ਮਿਰਾਸੀ ਦੀ ਬਜਾਏ ਰਬਾਬੀ ਸ਼ਬਦ ਨਾਲ ਸਤਿਕਾਰਿਆ ਜਾਣ ਲੱਗਾ। ਪੰਜਵੀਂ ਪਾਤਸ਼ਾਹੀ ਦੇ ਵਕਤ ਤਕ ਕੀਰਤਨ ਰਬਾਬੀ ਹੀ ਕਰਿਆ ਕਰਦੇ ਸਨ ਪਰ ਭਾਈ ਸਤਾ ਤੇ ਬਲਵੰਡ ਦੇ ਮਾਣ ਵਿਚ ਆ ਜਾਣ ਦੇ ਕਾਰਨ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੇ ਕੀਰਤਨ ਵਰਗੀ ਅਮੋਲਿਕ ਦਾਤ ਗੁਰਸਿੱਖਾਂ ਨੂੰ ਬਖਸ਼ੀ। ਉਸ ਵਕਤ ਤੋਂ ਸਤਿਗੁਰੂ ਸਾਹਿਬਾਨ ਦੇ ਦਰਬਾਰਾਂ ਵਿਚ ਰਬਾਬੀਆਂ ਤੋਂ ਇਲਾਵਾ ਸਿੱਖ ਕੀਰਤਨੀਏ ਭੀ ਕੀਰਤਨ ਦੀ ਸੇਵਾ ਕਰਨ ਲੱਗ ਪਏ ਸਨ, ਭਾਵੇਂ ਪਹਿਲੇ ਪ੍ਰਭਾਵ ਕਾਰਨ ਵਿਸ਼ੇਸ਼ ਗਿਣਤੀ ਦਸਮ ਪਾਤਸ਼ਾਹ ਤਕ ਰਬਾਬੀਆਂ ਦੀ ਹੀ ਰਹੀ। ਦਸੇ ਸਤਿਗੁਰੂ ਸਾਹਿਬਾਨ ਜੀ ਆਪ ਕੀਰਤਨ ਕਰਿਆ ਕਰਦੇ ਸਨ। ਸੁਣਿਆ ਹੈ ਦਸਮ ਪਾਤਸ਼ਾਹ ਜੀ ਦਾ ਰਬਾਬ ਹੁਣ ਤਕ ਮੁੰਡੀ ਸੁਕੇਤ ਵਿਚ ਪਿਆ ਹੈ, ਜਿਸ ਨੂੰ ਆਪ ਵਜਾ ਕੇ ਕੀਰਤਨ ਕਰਦੇ ਸਨ। ਪੜਤਾਲਾਂ, ਧੁਨੀਆਂ, ਅਲਾਹਣੀਆਂ, ਘੋੜੀਆਂ ਆਦਿਕ ਦੀਆਂ ਰੀਤਾਂ (ਟਿਊਨਾਂ) ਤੋਂ ਇਲਾਵਾ ਹੋਰ ਸ਼ਬਦਾਂ ਦੀਆਂ ਰੀਤਾਂ (ਟਿਊਨਾਂ) ਦੀ ਬੰਦਸ਼ ਭੀ ਸਤਿਗੁਰੂ ਸਾਹਿਬਾਨ ਦੀ ਬਖਸ਼ਿਸ਼ ਸੀ ਤੇ ਪੁਰਾਤਨ ਰਬਾਬੀ ਤੇ ਰਾਗੀ ਸਿੰਘਾਂ ਭੀ ਉਹਨਾਂ ਰੀਤਾਂ (ਟਿਊਨਾਂ) ਵਰਗੀਆਂ ਬੰਦਸ਼ਾਂ ਕਰਕੇ ਸਤਿਗੁਰੂ ਜੀ ਨੂੰ ਸੁਣਾ ਕੇ ਖੁਸ਼ੀਆਂ ਪ੍ਰਾਪਤ ਕਰਿਆ ਕਰਦੇ ਸਨ। ਗੁਰਬਾਣੀ ਨੂੰ ਬੇਸ਼ਕ ਸਿੱਧੇ ਸਾਦੇ ਢੰਗ ਨਾਲ ਜਾਂ ਢੋਲਕੀ ਛੈਣਿਆਂ ਨਾਲ ਗਾ ਕੇ ਵੀ ਆਨੰਦ ਮਾਣਿਆ ਜਾ ਸਕਦਾ ਹੈ ਪਰ ਸਤਿਗੁਰ ਜੀ ਨੇ ਧੰਨ ਧੰਨ ਭਾਗ ਤਿਨਾ ਸਾਧ ਜਨਾ ਹਰਿ ਕੀਰਤਨ ਗਾਇ ਗੁਣੀ ਜਨ ਬਣਿਤਿਆ' ਜੈਸੀਆਂ ਤੁਕਾਂ ਉਚਾਰ ਕੇ ਵਿਦਵਾਨ ਬਣਕੇ ਕੀਰਤਨ ਕਰਨ ਨੂੰ ਤਰਜੀਹ ਦਿੱਤੀ ਤੇ ਵਿਦਵਾਨ ਕੀਰਤਨ ਕਰਨ ਵਾਲਿਆਂ ਦੀ ਕਦਰ ਕਰਕੇ ਉਹਨਾਂ ਦੇ ਹੌਂਸਲੇ ਵਧਾਏ। ਇਸੇ ਕਰਕੇ ਪੁਰਾਤਨ ਕੀਰਤਨੀਆਂ ਵਿਚ ਰਾਗ ਵਿੱਦਿਆ ਪ੍ਰਾਪਤ ਕਰਨ ਦਾ ਤੇ ਕਠਿਨ ਮਿਹਨਤ ਕਰਨ ਦਾ ਸ਼ੌਕ ਵਧੇਰੇ ਰਿਹਾ ਸੀ। ਤੇ ਉਹ ਰਾਗ ਵਿਚ ਨਿਪੁੰਨ ਹੋ ਕੇ ਗੁਰ ਸ਼ਬਦ ਗਾ ਕੇ ਸਤਿਗੁਰ ਜੀ ਦੀਆਂ ਖੁਸ਼ੀਆਂ ਤੇ ਸੰਗਤਾਂ ਦੀ ਪ੍ਰਸੰਨਤਾ ਪ੍ਰਾਪਤ ਕਰਿਆ ਕਰਦੇ ਸਨ। ਇਥੇ ਇਹ ਗੱਲ ਸਪਸ਼ਟ ਕਰਨੀ ਯੋਗ ਹੋਵੇਗੀ ਕਿ ਭਾਵੇਂ ਉਹ ਕੀਰਤਨ ਕਰਨ ਵਾਲੇ ਰਾਗੀ ਤੇ ਰਬਾਬੀ ਸੰਗੀਤ-ਕਲਾ ਵਿਚ ਪ੍ਰਬੀਨ ਹੋਇਆ ਕਰਦੇ ਸੀ ਪਰ ਸਤਿਗੁਰੂ ਜੀ ਦੇ ਢੰਗ ਅਨੁਸਾਰ ਕੀਰਤਨ ਵਿਚ ਉਹ ਮੁੱਖ ਗੁਰ-ਸ਼ਬਦ ਨੂੰ ਹੀ ਰੱਖਿਆ ਕਰਦੇ ਸਨ। ਹੋਰ ਸੰਗੀਤਕਾਰਾਂ ਦੀ ਤਰ੍ਹਾਂ ਨਿਰੇ ਰਾਗ ਨੂੰ ਮੁੱਖ ਨਹੀਂ ਸੀ ਬਣਾਉਂਦੇ। ਸਾਨੂੰ ਆਪਣੇ ਪਿਤਾ ਜੀ ਵਾਸੋਂ ਇਹ ਸਰੋਤ ਪ੍ਰਾਪਤ ਹੋਈ ਸੀ ਕਿ ਪੁਰਾਤਨ ਕੀਰਤਨੀਏ ਕੀਰਤਨ ਵਿਚ ਅਲਾਪ, ਮੀਂਡ, ਗੰਮਕ, ਤਾਨ ਆਦਿਕ ਦੀ ਗੁਰਬਾਣੀ ਦੀ ਤੁਕ ਨੂੰ ਹੀ ਲੈ ਕੇ ਕਰਿਆ ਕਰਦੇ ਸਨ ਤਾਂ ਕਿ ਸਰੋਤਿਆਂ ਦੇ ਦਿਲਾਂ ਉੱਪਰ ਰਾਗ ਵਿਚ ਗੁਝ ਕੇ ਅਲਾਪੀ ਹੋਈ ਗੁਰਬਾਣੀ ਦੀ ਤੁਕ ਦਾ ਵਧੇਰੇ ਪ੍ਰਭਾਵ ਪੈ ਸਕੇ। ਕੀਰਤਨ ਵਿਚ ਕੇਵਲ ਆ ਆ ਆ ਕਰਕੇ ਤਾਨਾਂ ਦਾ ਰਿਵਾਜ ਤੇ ਸਗਰਮ ਤੇ ਤਰਾਨਿਆਂ ਦਾ ਨਾਟਕੀ ਰਿਵਾਜ ਥੋੜ੍ਹੇ ਸਮੇਂ ਤੋਂ ਹੀ ਪਿਆ ਹੈ ਭਾਵ ਕਿ ਪੁਰਾਤਨ ਕੀਰਤਨੀਏ ਵੱਡੇ ਵੱਡੇ ਤਾਲਾਂ ਵਿਚ ਤੇ ਸ਼ੁਧ ਰਾਗ ਵਿਚ ਵਿਲੱਖਣ ਢੰਗ ਨਾਲ ਗੁਰਬਾਣੀ ਗਾਉਂਦੇ ਹੋਏ ਮੁੱਖ ਗੁਰਬਾਣੀ ਦੇ ਉਚਾਰਨ ਨੂੰ ਸਮਝਦੇ ਸੀ ਤੇ ਇਹ ਤਰੀਕਾ ਹੀ ਦਸਾਂ ਪਾਤਸ਼ਾਹੀਆਂ ਦਾ ਆਪਣਾ ਸੀ। ਜਦੋਂ ਤੋਂ ਫਿਲਮਾਂ ਦਾ ਰਿਵਾਜ਼ ਚਲਿਆ ਤੇ ਮਿਸ਼ਰਤ ਰਾਗਾਂ ਵਿਚ ਲੋਕ ਗੀਤ, ਟੱਪੇ, ਫਿਲਮੀ ਤਰਜ਼ਾਂ, ਆਦਿਕ ਦਾ ਪ੍ਰਭਾਵ ਮਨੁੱਖੀ ਚੰਚਲ ਮਨਾਂ ਨੇ ਜ਼ਿਆਦਾ ਕਬੂਲਿਆ, ਕੀਰਤਨੀਏ ਭੀ ਪੁਰਾਣੇ ਢੰਗ ਨੂੰ ਛੱਡਣ ਲੱਗ ਪਏ ਤੇ ਨਵੇਂ ਤੇ ਬਹੁਤ ਸੌਖੇ ਥੋੜ੍ਹੀ ਮਿਹਨਤ ਵਾਲੇ ਤਰੀਕੇ ਨੂੰ ਅਪਣਾ ਕੇ ਕੀਰਤਨ ਕਰਨ ਨੂੰ ਆਪਣੀ ਉਪਜੀਵਿਕਾ ਦਾ ਸਾਧਨ ਬਣਾਉਣ ਲੱਗ ਪਏ। ਇਸੇ ਕਾਰਨ ਪੁਰਾਣੀਆਂ ਬੰਦਸ਼ਾਂ ਸ਼ਬਦ ਰੀਤਾਂ ਪੁਰਾਤਨ ਕੀਰਤਨੀਆਂ ਦੇ ਨਾਲ ਹੀ ਅਲੋਪ ਹੋਣ ਲੱਗ ਪਈਆਂ। ਇਸ ਅਮੋਲਿਕ ਖਜ਼ਾਨੇ ਦੇ ਗੁੰਮ ਹੋ ਜਾਣ ਦਾ ਤੌਖਲਾ ਬਹੁਤ ਗੁਰਸਿੱਖ ਪਵਿੱਤਰ ਆਤਮਾਵਾਂ ਨੇ ਮਹਿਸੂਸ ਕੀਤਾ ਤੇ ਉਹਨਾਂ ਨੇ ਇਸ ਖਜ਼ਾਨੇ ਨੂੰ ਸੰਭਾਲਣ ਦੀਆਂ ਕੋਸ਼ਿਸ਼ਾਂ ਆਰੰਭੀਆਂ ਜਿਹਨਾਂ ਯਤਨਾਂ ਵਿਚੋਂ ਇਕ ਇਹ ਭੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸੁਯੋਗ ਪ੍ਰਬੰਧਕਾਂ ਦਾ

ਸ਼ਲਾਘਾਯੋਗ ਯਤਨ ਹੈ ਜੋ ਇਹ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਛਾਪ ਰਹੀ ਹੈ।

ਜੋ ਮਹਾਰਾਜ ਨੇ ਕੀਰਤਨ ਦੀ ਮਰਯਾਦਾ ਕਾਇਮ ਕੀਤੀ ਤੇ ਜਿਸ ਤਰ੍ਹਾਂ ਪੁਰਾਣੇ ਕੀਰਤਨੀਏ ਰਾਗੀ ਸਿੰਘ ਤੇ ਰਬਾਬੀ ਕੀਰਤਨ ਮਰਯਾਦਾ ਨਾਲ ਕਰਦੇ ਸਨ, ਇਹ ਲਿਖਣੀ ਵੀ ਜ਼ਰੂਰੀ ਹੈ:

1. ਪਹਿਲੇ ਸ਼ਾਨ (ਲਹਿਰਾ) ਵਜਾਉਣਾ।

2. ਫਿਰ ਮੰਗਲਾਚਰਣ ਕਰਨਾ-ਠੇਕਾ ਧਮਾਰ ਜਾਂ ਚਾਰਤਾਲ ਵਿਚ।

3. ਫਿਰ ਪੜਤਾਲ ਜਾਂ ਵੱਡੇ ਤਾਲ ਦੀ ਕੋਈ ਰੀਤ ਗਾਉਣੀ ਤੇ ਉਸ ਰੀਤ ਨਾਲ ਜੋੜੀ ਵਾਲੇ ਸਜਣ ਨੇ ਗਤ (ਬੰਦ ਹੱਥਾਂ ਨਾਲ) ਜਾਂ ਸਾਥ (ਖੁੱਲ੍ਹੇ ਹੱਥਾਂ ਨਾਲ) ਬੋਲ, ਲਗਾਂ, ਪਰਣਾਂ ਵਜਾਉਣੀਆਂ ਤੇ ਥਾਅ, ਦੁਗਨ, ਤਿਗਨ, ਚੁਗਨ ਅਥਵਾ ਆਡ, ਕੁਆਡ ਲੈਆਂ ਬਦਲਣੀਆਂ। ਐਸੇ ਤਰੀਕੇ ਨਾਲ ਅਲੌਕਿਕ ਰੰਗ ਬਝਦਾ ਸੀ

4. ਫਿਰ ਕੋਈ ਸੌਖੀ ਰੀਤ ਗਾਉਣੀ ਤੇ ਇਸ ਵਿਚ ਲੋੜ ਅਨੁਸਾਰ ਵਿਆਖਿਆ ਤੇ ਸਾਖੀ ਆਦਿਕ ਕਰਨੀ।

5. ਅਖੀਰ ਵਿਚ ਉਸੇ ਰਾਗ ਦੀ ਪਉੜੀ ਲਾਉਣੀ ਤੇ ਕੀਰਤਨ ਦੀ ਸਮਾਪਤੀ ਕਰਨੀ।

ਸਾਡੇ ਪੂਜ ਪਿਤਾ ਜੀ ਔਖੇ ਸ਼ਬਦ ਦਾ ਪਾਠ ਕਰਕੇ ਪਹਿਲੇ ਸੁਣਾ ਦਿੰਦੇ ਸਨ। ਫਿਰ ਰੀਤ ਪੜਤਾਲਾਂ ਆਦਿ ਗਾਉਂਦੇ ਸਨ।

ਪੂਜ ਪਿਤਾ ਜੀ ਨੇ ਜਦੋਂ ਅੰਮ੍ਰਿਤਸਰ ਬਾਬਾ ਰੰਗੀ ਰਾਮ ਸਿੰਘ ਜੀ ਤੋਂ ਵਿਦਿਆ ਪ੍ਰਾਪਤ ਕੀਤੀ, ਪਹਿਲੇ ਦੋ ਤਿੰਨ ਸਾਲ ਰੌੜ੍ਹੀ ਸੱਖਰ ਸਿੰਧ (ਹੁਣ ਪਾਕਿਸਤਾਨ) ਵਿਚ ਭਾਈ ਸਾਹਿਬ ਮਾਧੋ ਦਾਸ ਜੀ ਮਸੰਦ ਪਾਸ ਰਹੇ। ਇਹਨਾਂ ਨੂੰ ਸੰਗੀਤ ਦਾ ਬਹੁਤ ਸ਼ੌਂਕ ਸੀ। ਫਿਰ ਵਾਪਿਸ ਪਿੰਡ ਸੈਦਪੁਰ ਆ ਗਏ। ਪਹਿਲੇ ਪਿਤਾ ਜੀ ਤਾਊਸ ਵਜਾ ਕੇ ਕੀਰਤਨ ਕਰਿਆ ਕਰਦੇ ਸਨ। ਉਸ ਵੇਲੇ ਜੱਥੇ ਨਾਲ ਚਾਰ ਤਾਊਸ ਤੇ ਦੋ ਜੋੜੀਆਂ ਹੁੰਦੀਆਂ ਸਨ। ਪਿਤਾ ਜੀ, ਉਸਤਾਦ ਬਾਬਾ ਸ਼ਰਧਾ ਸਿੰਘ ਜੀ, ਬਾਰਾ ਰਾਮ ਸਿੰਘ ਜੀ, ਭਾਈ ਹੀਰਾ ਸਿੰਘ ਜੀ, ਤਾਊਸ ਵਜਾਉਂਦੇ ਤੇ ਭਾਈ ਹਰਨਾਮ ਸਿੰਘ ਜੀ ਟਿੱਬਾ (ਜਿਹਨਾਂ ਨੂੰ ਨਾਮਧਾਰੀ ਸੰਪਰਦਾਇ ਵੱਲੋਂ ਪਹਿਲਾਂ ਇਨਾਮ ਘੋੜੀ ਦਿੱਤਾ ਗਿਆ ਸੀ) ਤੇ ਭਾਈ ਟਹਿਲ ਸਿੰਘ ਬਾਣੀਆਂ ਵਾਲੇ ਤਬਲੇ ਵਜਾਉਂਦੇ ਸਨ। ਜਦੋਂ ਪਿਤਾ ਜੀ ਜੈਤੋ ਮੋਰਚੇ ਵਿਚ ਪਹਿਲੇ ਸ਼ਹੀਦੀ ਜੱਥੇ ਵਿਚ ਗਏ, ਜਿਹਲ ਕਟੀ, ਉਸ ਵੇਲੇ ਜਿਹਲ ਵਿਚ ਹੀ ਦਰਦਾਂ ਸ਼ੁਰੂ ਹੋ ਗਈਆਂ, ਫਿਰ ਤਾਊਸ ਵਜਾਉਣਾ ਘਟ ਹੋ ਗਿਆ। ਦੋ ਤਾਊਸ ਤੇ ਦੋ ਜੋੜੀਆਂ ਤਾਂ ਅਸੀਂ ਭੀ ਛੋਟੇ ਹੁੰਦਿਆਂ ਵੇਖੀਆਂ ਹਨ। ਪਿਤਾ ਜੀ ਦੇ ਜੱਥੇ ਦਾ ਦ੍ਰਿਸ਼ ਤੇ ਕੀਰਤਨ ਅਲੌਕਿਕ ਹੀ ਸੀ। ਪਿਤਾ ਜੀ ਨੇ 60 ਸਾਲ ਕੀਰਤਨ ਦੀ ਸੇਵਾ ਕੀਤੀ।

### ਸਾਨੂੰ ਇਹ ਪ੍ਰਾਚੀਨ ਰੀਤਾਂ ਦਾ ਭੰਡਾਰ ਕਿਸ ਤਰ੍ਹਾਂ ਪ੍ਰਾਪਤ ਹੋਇਆ?

ਸਾਡੇ ਪ੍ਰਮ ਪੂਜ ਪਿਤਾ ਸਚਖੰਡ ਵਾਸੀ ਬਾਬਾ ਜਵਾਲਾ ਸਿੰਘ ਜੀ ਪ੍ਰਸਿੱਧ ਕੀਰਤਨੀਏ ਸਨ। ਇਹਨਾਂ ਦਾ ਜਨਮ ਸੰਨ 1872 ਵਿਚ ਪਿੰਡ ਸੈਦਪੁਰ (ਠਠਾ ਟਿੱਬਾ) ਜ਼ਿਲ੍ਹਾ ਕਪੂਰਥਲਾ ਵਿਚ ਭਾਈ ਦੇਵਾ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਜੀ ਦੀ ਕੁੱਖੋਂ ਹੋਇਆ ਸੀ। ਪਿਤਾ ਜੀ ਦੱਸਿਆ ਕਰਦੇ ਸਨ ਕਿ ਸਾਡੀ ਬੰਸ ਵਿਚ ਕਈ ਪੁਸ਼ਤਾਂ ਤੋਂ ਦਸਮ ਪਾਤਸ਼ਾਹ ਜੀ ਦੇ ਸਮੇਂ ਤੋਂ ਹੀ ਕੀਰਤਨ ਦੀ ਬਖਸ਼ਿਸ਼ ਰਹੀ ਹੈ। ਕੋਈ ਸੱਜਣ ਆਪਣੀ ਕਿਰਤ ਦੇ ਨਾਲ ਨਾਲ ਕੀਰਤਨ. ਭੀ ਕਰਿਆ ਕਰਦੇ ਸਨ ਤੇ ਕੋਈ ਕੋਈ ਕੇਵਲ ਕੀਰਤਨੀ ਹੀ ਕਰਦੇ ਸਨ। ਜੈਸਾ ਕਿ ਪਿਤਾ ਜੀ ਦੇ ਪਿਤਾ ਸਾਡੇ ਬਾਬਾ ਜੀ ਭਾਈ ਦੇਵਾ ਸਿੰਘ ਜੀ ਤੋਂ ਉਹਨਾਂ ਦੇ ਵੱਡੇ ਬਜ਼ੁਰਗ ਪਿਤਾ ਭਾਈ ਟਹਿਲ ਸਿੰਘ ਜੀ ਸਿਰੰਦੇ ਵਜਾ ਕੇ ਕੀਰਤਨ ਕਰਿਆ ਕਰਦੇ ਸਨ ਤੋਂ ਆਪਣੀ ਕਿਰਤ ਵੀ ਕਰਿਆ ਕਰਦੇ ਸਨ। ਪਿਤਾ ਜੀ ਦੇ ਵੱਡੇ ਭਰਾਤਾ ਭਾਈ

ਨਰੈਣ ਸਿੰਘ ਜੀ (ਸ. ਹਰਦਿਆਲ ਸਿੰਘ ਜੀ ਆਈ. ਏ. ਐੱਸ. ਚੰਡੀਗੜ੍ਹ ਤੇ ਸਚਖੰਡ ਵਾਸੀ ਸ. ਹਰਦੀਪ ਸਿੰਘ ਜੀ ਪੀ. ਸੀ. ਐੱਸ. ਦੇ ਬਾਬਾ ਜੀ) ਤਾਊਸ ਵਜਾਇਆ ਕਰਦੇ ਸਨ ਤੇ ਭਾਈ ਸਾਵਣ ਸਿੰਘ ਜੀ ਜੋੜੀ ਵਜਾਉਂਦਾ ਸਨ। ਨਗਰ ਸੈਦਪੁਰ ਉਸ ਰਸਤੇ ਉੱਪਰ ਹੈ ਜਿਸ ਰਸਤੇ ਪੁਰਾਣਿਆਂ ਵਕਤਾ ਵਿਚ ਮਾਲਵੇ ਤੇ ਦੁਆਬੇ ਦੀਆਂ ਸੰਗਤਾਂ, ਸਾਧੂ ਮਹਾਤਮਾ ਦੀਆਂ ਮੰਡਲੀਆਂ ਕਥਾ ਕੀਰਤਨ ਕਰਨ ਵਾਲੇ ਗੁਣੀ ਜਨ ਸ੍ਰੀ ਅੰਮ੍ਰਿਤਸਰ ਸਾਹਿਬ ਦੀਵਾਲੀ, ਵਿਸਾਖੀ ਸਮੇਂ ਪੈਦਲ ਜਾਇਆ ਕਰਦੇ ਸਨ। ਸਾਡੇ ਬਾਬਾ ਦੇਵਾ ਸਿੰਘ ਜੀ ਆਪ ਗੁਣੀ ਤੇ ਗੁਣੀਆਂ ਦੇ ਕਦਰਦਾਨ ਸੀ। ਆਏ ਗਏ ਗੁਣੀ ਕੀਰਤਨੀਏ ਉਹਨਾਂ ਪਾਸ ਅਕਸਰ ਟਿਕਿਆ ਕਰਦੇ ਸਨ, ਉਹਨਾਂ ਵਿਚੋਂ ਇਕ ਬਜ਼ੁਰਗ ਬਾਬਾ ਸ਼ਰਧਾ ਸਿੰਘ ਜੀ, ਜੋ ਵਿਦਵਾਨ ਵੀ ਸਨ ਤੇ ਸੰਤ ਸੁਭਾਵ ਤੇ ਨੇਤਰਹੀਣ ਸਨ, ਉਹਨਾਂ ਨਾਲ ਬਾਬਾ ਦੇਵਾ ਸਿੰਘ ਜੀ ਧਰਮ ਭਰਾਵਾਂ ਦੀ ਤਰ੍ਹਾਂ ਪਿਆਰ ਕਰਿਆ ਕਰਦੇ ਸਨ। ਬਾਬਾ ਸ਼ਰਧਾ ਸਿੰਘ ਜੀ ਨੇ ਜ਼ਿਲ੍ਹਾ ਹੁਸ਼ਿਆਪੁਰ ਦੇ ਗਿਰਬੜੀ ਵਾਲੇ ਨਿਰਮਲੇ ਸੰਤਾਂ ਪਾਸੋਂ, ਜੋ ਕਿ ਬਹੁਤ ਗੁਣੀ ਸਨ, ਕੀਰਤਨ ਦੀ ਦਾਤ ਤੇ ਸਤਾਰ ਸਿਰੰਦਾ ਆਦਿਕ ਦੀ ਵਿੱਦਿਆ ਪ੍ਰਾਪਤ ਕੀਤੀ ਸੀ। ਬਾਪੂ ਜਵਾਲਾ ਸਿੰਘ ਜੀ ਬਾਕੀ ਭਰਾਵਾਂ ਤੋਂ ਛੋਟੇ ਸਨ ਤੇ ਉਹਨਾਂ ਦੀ ਤੀਖਸ਼ਣ ਬੁੱਧੀ ਤੇ ਬੜੀ ਸੁੰਦਰੀ ਭਰਵੀਂ ਆਵਾਜ਼ ਤਕ ਕੇ ਬਾਬਾ ਦੇਵਾ ਸਿੰਘ ਜੀ ਦੇ ਮਨ ਵਿਚ ਉਹਨਾਂ ਨੂੰ ਚੋਟੀ ਦੇ ਵਿਦਵਾਨ ਕੀਰਤਨੀਏ ਬਣਾਉਣ ਦੀ ਇੱਛਾ ਪ੍ਰਬਲ ਹੋ ਗਈ ਤੇ ਉਹਨਾਂ ਨੇ ਪਿਤਾ ਜੀ ਨੂੰ ਆਪਣੀ ਵਿੱਦਿਆ ਦੇਣ ਦੇ ਨਾਲ ਹੀ ਬਾਬਾ ਸ਼ਰਧਾ ਜੀ ਦੇ ਸ਼ਗਿਰਦ ਬਣਾਇਆ ਤੇ ਆਪਦੀ ਇੱਛਾ ਭੀ ਉਹਨਾਂ ਪਾਸ ਪ੍ਰਗਟ ਕੀਤੀ। ਬਾਬਾ ਦੇਵਾ ਸਿੰਘ ਖੁਦ ਆਪਣੀ ਇੱਛਾ ਦੀ ਪੂਰਤੀ ਨਹੀਂ ਦੇਖ ਸਕੇ। ਜਲਦੀ ਅਕਾਲ ਚਲਾਣਾ ਕਰ ਗਏ ਤਾਂ ਉਹਨਾਂ ਦੀ ਇੱਛਾ ਨੂੰ ਉਹਨਾਂ ਦੇ ਧਰਮ ਭਰਾ ਬਾਬਾ ਸ਼ਰਧਾ ਸਿੰਘ ਜੀ ਨੇ ਪੂਰਿਆ ਕਰ ਦਿੱਤਾ। ਜੋ ਕੁਝ ਸ਼ਬਦ-ਰੀਤ ਦਾ ਭੰਡਾਰ ਉਹਨਾਂ ਪਾਸ ਸੀ ਉਹ ਸਿਖਾ ਕੇ ਫਿਰ ਪਿਤਾ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ ਭਾਈ ਵਸਾਵਾ ਸਿੰਘ ਜੀ ਦੇ ਸ਼ਗਿਰਦ ਬਣਾਇਆ। ਬਾਬਾ ਵਸਾਵਾ ਸਿੰਘ ਜੀ ਦਾ ਦੂਜਾ ਨਾਮ ਅੰਮ੍ਰਿਤਸਰ ਵਿਚ ਬਾਬਾ ਰੰਗੀ ਰਾਮ ਸਿੰਘ ਜੀ ਕਰਕੇ ਪ੍ਰਸਿੱਧ ਸੀ। ਉਹ ਕੀਰਤਨ ਵਿੱਦਿਆ ਵਿਚ ਬਹੁਤ ਕਮਾਲੀਅਤ ਰੱਖਦੇ ਸਨ। ਉਹਨਾਂ ਦੇ ਦੋ ਉਸਤਾਦ ਸਨ : ਇਕ ਬਾਬਾ ਪੁਸ਼ਕਰਾ ਸਿੰਘ ਜੀ ਬੀਨਾਕਾਰ, ਮਹਾਰਾਜਾ ਪਟਿਆਲਾ ਦੇ ਦਰਬਾਰੀ, ਦੂਜੇ ਬਾਬਾ ਸੁਰ ਸਾਗਰ ਜੀ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਕਤ ਚੌਂਕ ਪਰਾਗਦਾਸ ਅੰਮ੍ਰਿਤਸਰ ਵਿਚ ਉਦਾਸੀਆਂ ਦੀ ਸੰਪਰਦਾ ਦੇ ਰਾਗੀ ਸਨ। ਇਸ ਤਰ੍ਹਾਂ ਪਿਤਾ ਜੀ ਨੂੰ ਬਾਬਾ ਰੰਗੀ ਰਾਮ ਸਿੰਘ ਜੀ ਪਾਸੋਂ ਬਹੁਤ ਸ਼ਬਦ-ਰੀਤ ਭੰਡਾਰ ਪ੍ਰਾਪਤ ਹੋਇਆ। ਇਸ ਤਰ੍ਹਾਂ ਪਹਿਲਾਂ ਆਪਣੇ ਬੰਸ ਵਿਚੋਂ ਫਿਰ ਬਾਬਾ ਸ਼ਰਧਾ ਸਿੰਘ ਜੀ ਪਾਸੋਂ ਤੇ ਫਿਰ ਰੰਗੀ ਰਾਮ ਸਿੰਘ ਜੀ ਪਾਸੋਂ ਤਿੰਨਾਂ ਘਰਾਣਿਆਂ ਦੀ ਵਿੱਦਿਆ ਪ੍ਰਾਪਤ ਹੋਈ ਅਤੇ ਪਿਤਾ ਜੀ ਨੇ ਸਾਡੇ ਤੇ ਬਖਸ਼ਿਸ਼ ਕੀਤੀ। ਜਦੋਂ ਅਸੀਂ ਸਿੱਖਣ ਦੇ ਯੋਗ ਹੋਏ ਪਿਤਾ ਜੀ ਬਿਰਧ ਅਵਸਥਾ ਵਿਚ ਪਹੁੰਚ ਚੁੱਕੇ ਸਨ। ਫਿਰ ਭੀ ਉਹਨਾਂ ਨੇ ਪੁਰਾਣੀਆਂ ਰੀਤਾਂ ਦਾ ਬਹੁਤ ਭੰਡਾਰ ਆਪਣੇ ਯਾਦ ਖਜ਼ਾਨੇ ਵਿਚ ਸੰਭਾਲ ਕੇ ਰੱਖਿਆ ਹੋਇਆ ਸੀ ਪਰ ਕਦੇ ਕਦੇ ਕਈ ਚੀਜ਼ਾਂ ਭੁਲ ਜਾਣ ਦਾ ਵੀ ਬਹੁਤ ਪਛਤਾਵਾ ਕਰਿਆ ਕਰਦੇ ਸਨ।

ਪੂਜ ਪਿਤਾ ਜੀ ਦਾ ਕੀਰਤਨ ਸਿਖਾਲਣ ਦਾ ਢੰਗ ਬੜਾ ਵਿਲੱਖਣ ਸੀ। ਪਹਿਲੇ ਅਭਿਆਸ ਕਰਵਾਉਣਾ, ਸਰਗਮਾਂ ਆਦਿ ਦਸ ਕੇ, ਫਿਰ ਬਗੈਰ ਸਾਜ਼ ਤੋਂ ਹੱਥੀਂ ਤਾਲੀ ਲਵਾ ਕੇ ਰੀਤਾਂ ਸਿਖਲਾਂਦੇ ਸਨ। ਠਾ, ਦੁੱਗਣ, ਤਿੱਗਣ, ਆਡ ਕੁਆਡ ਸਭ ਲੈਆਂ, ਇਸੇ ਤਰ੍ਹਾਂ ਅਭਿਆਸ ਕਰਵਾਉਂਦੇ ਸਨ।

### ਸੰਗੀਤ ਲਿਖਣ ਦੀ ਪ੍ਰੇਰਣਾ ਕਿਵੇਂ ਹੋਈ?

ਅਸੀਂ ਪਿਤਾ ਜੀ ਪਾਸੋਂ 1934-35 ਵਿਚ ਉਹਨਾਂ ਦੇ ਨਾਲ ਰਹਿ ਕੇ ਕੀਰਤਨ ਸਿਖਣਾ ਸ਼ੁਰੂ ਕੀਤਾ ਸੀ। ਪਿਤਾ ਜੀ ਦਾ ਸਾਰੇ ਹੀ ਹਿੰਦੁਸਤਾਨ ਵਿਚ ਬਹੁਤ ਆਉਣ-ਜਾਣ ਸੀ। ਤੇ ਸਾਲ ਵਿਚ ਤਕਰਬੀਨ ਕੀਰਤਨ ਦੋ ਤਿੰਨ ਵਾਰ

ਪਿਤਾ ਜੀ ਦਿੱਲੀ ਵੀ ਆਇਆ ਕਰਦੇ ਸਨ। 5 ਜੰਤਰ ਮੰਤਰ ਰੋਡ ਵਿਚ ਰਾਇ ਬਹਾਦਰ ਵਿਸਾਖਾ ਸਿੰਘ ਜੀ ਨਾਲ ਉਹਨਾਂ ਦਾ ਅਤਿ ਪ੍ਰੇਮ ਸੀ। ਉਹਨਾਂ ਦੀ ਕੋਠੀ ਕਈ ਦਿਨ ਠਹਿਰਨਾ ਤੇ ਹਫਤਾ ਦੋ ਹਫਤੇ ਸ੍ਰੀ ਬੰਗਾਲਾ ਸਾਹਿਬ ਕੀਰਤਨ ਕਰਿਆ ਕਰਨਾ। ਗੁਰਦੁਆਰਾ ਸ੍ਰੀ ਰਬਾਬ ਗੰਜ ਸਾਹਿਬ ਖੁੱਲ੍ਹੇ ਗੁਰਮਤਿ ਵਿਦਿਆਲੇ ਦੇ ਮੁਖੀ ਸ੍ਰੀ ਮਾਨ ਗਿਆਨੀ ਹਰਦਿਤ ਸਿੰਘ ਜੀ ਸਨ, ਉਹ ਵਿਦਵਾਨ ਸਨ ਤੇ ਪੁਰਾਤਨ ਰੀਤਾਂ ਦਾ ਭੰਡਾਰ ਉਹਨਾਂ ਪਾਸ ਵੀ ਸੀ। ਉਹਨਾਂ ਦਾ ਪਿਤਾ ਜੀ ਨਾਲ ਵੀ ਬਹੁਤ ਪਿਆ ਸੀ। ਸਭ ਤੋਂ ਪਹਿਲਾਂ ਸਾਨੂੰ ਗਿਆਨੀ ਹਰਦਿਤ ਸਿੰਘ ਜੀ ਨੇ ਪ੍ਰੇਰਣਾ ਕੀਤੀ ਕਿ ਜੋ ਸ਼ਬਦ-ਰੀਤ ਸਿਖਦੇ ਹੋ ਨਾਲ ਨਾਲ ਇਸ ਦੀ ਨੁਟੇਸ਼ਨ ਭੀ ਕਰਿਆ ਚਲੋ। ਪਰ ਬਚਪਨ ਦੀ ਲਾਪਰਵਾਹੀ ਦੇ ਕਾਰਨ ਉਹਨਾਂ ਦੀ ਪ੍ਰੇਰਣਾ ਦਾ ਥੋੜ੍ਹਾ ਅਸਰ ਹੀ ਕਬੂਲਿਆ। ਫਿਰ ਵੀ ਕੁਝ ਰੀਤਾਂ ਦੀ ਲਿਸਟ ਬਣਾਈ ਜੋ ਕਿ ਹੁਣ ਸੰਗੀਤ ਲਿਖਨ ਵੇਲੇ ਬਹੁਤ ਲਾਭਦਾਇਕ ਸਾਬਤ ਹੋਈ ਤੇ ਨਾਲ ਹੀ ਉਸ ਵਕਤ ਦੀ ਲਾਪ੍ਰਵਾਹੀ ਦਾ ਪਛਤਾਵਾ ਵੀ ਹੋਇਆ। ਅਸੀਂ 1954 ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਵਿਸ ਵਿਚ ਆਏ ਤੇ ਦਿੱਲੀ ਵਿਚ ਸਚਖੰਡ ਵਾਸੀ ਸ੍ਰੀਮਾਨ ਸ੍ਰ: ਗਿਆਨ ਸਿੰਘ ਜੀ, ਐਬਟਾਬਾਦੀ ਜਿਹਨਾਂ ਨੇ ਸੰਗੀਤ ਲਿਖਣ ਦੀ ਸੇਵਾ ਕਰਕੇ ਪੰਥ ਦੀ ਭਾਰੀ ਸੇਵਾ ਕੀਤੀ ਹੈ, ਨੇ ਬਹੁਤ ਪ੍ਰੇਰਣਾ ਕੀਤੀ ਤੇ ਇਸ ਕਾਰਜ ਲਈ ਵੱਧ ਤੋਂ ਵੱਧ ਮਾਇਕ ਸਹਾਇਤਾ ਦੇਣ ਦੇ ਇਕਰਾਰ ਭੀ ਕੀਤੇ। ਪਰ ਇਥੇ ਸਰਵਿਸ ਵਿਚ ਡਿਊਟੀਆਂ ਦੇ ਰੁਝੇਵੇਂ ਤੇ ਘਰੋਗੀ ਜ਼ਿੰਮੇਵਾਰੀਆਂ ਕਰਕੇ ਸ੍ਰ: ਗਿਆਨ ਸਿੰਘ ਜੀ ਦੇ ਜੀਵਨ ਵਿਚ ਅਸੀਂ ਇਹ ਕਾਰਜ ਸੰਪੂਰਨ ਨਹੀਂ ਕਰ ਸਕੇ।

ਜੋ ਕੁਝ ਰੀਤਾਂ ਦੀ ਅਸੀਂ ਨੁਟੇਸ਼ਨ ਕੀਤੀ ਸੀ, ਉਹ ਅਸੀਂ ਇਕ ਫੇਰ ਸ੍ਰੀਮਾਨ ਪਰਮ ਪੂਜਨੀਕ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ (ਮੁਖੀ ਨਾਮਧਾਰੀ ਸੰਪਰਦਾਇ) ਨੂੰ ਵਿਖਾਈ। ਇਹ ਦਿੱਲੀ ਵਿਚ ਕਰੋਲ ਬਾਗ਼ ਵਿਖੇ ਭਗਤ ਜਸਵੰਤ ਸਿੰਘ ਜੀ ਦੇ ਭੋਗ ਤੇ ਆਏ ਸਨ। ਉਸ ਸਮੇਂ ਦੇ ਪੜਤਾਲਾਂ ਭੀ ਉਹਨਾਂ ਨੂੰ ਸੁਣਾਈਆਂ। ਉਹਨਾਂ ਹੁਕਮ ਕੀਤਾ ਕਿ ਇਹ ਸਾਨੂੰ ਦੇ ਦਿਉ, ਅਸੀਂ ਛਪਵਾ ਦਿੰਦੇ ਹਾਂ। ਬਾਕੀ ਹੋਰ ਰੀਤਾਂ ਦੀ ਵੀ ਨੁਟੇਸ਼ਨ ਕਰੋ ਫਿਰ ਛਪਵਾ ਦੇਵਾਂਗੇ। ਅਸੀਂ ਬੇਨਤੀ ਕੀਤੀ ਕਿ ਸਾਰੀਆਂ ਰੀਤਾਂ ਤਰਤੀਬ ਵਾਰ ਲਿਖ ਕੇ ਫਿਰ ਆਪ ਜੀ ਨੂੰ ਖੇਚਲ ਦਿਆਂਗੇ। ਉਸ ਤੋਂ ਪਿੱਛੋਂ ਸ੍ਰ: ਬਾਬੂ ਸਿੰਘ ਜੀ ਰਾਮਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਵਾਲਿਆਂ ਨੂੰ ਸਵਰਗਵਾਸੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਦੱਸਿਆ ਕਿ ਭਾਈ ਸਾਹਿਬ ਜਵਾਲਾ ਸਿੰਘ ਜੀ ਦੇ ਲੜਕੇ ਪੁਰਾਤਨ ਰੀਤਾਂ ਦੀ ਨੁਟੇਸ਼ਨ ਕਰ ਰਹੇ ਹਨ। ਉਹਨਾਂ ਨੇ ਵੀ ਇਹੋ ਅੱਖਰ ਵਰਤੇ ਕਿ ਇਹ ਲਿਖਣ ਦਾ ਕੰਮ ਛੇਤੀ ਛੇਤੀ ਕਰਨ, ਇਹ ਪੁਸਤਕ ਅਸੀਂ ਛਾਪਾਂਗੇ।

ਸੰਗਤਾਂ ਦੀ ਸਸਤੀ ਜਿਹੀ ਰੁਚੀ ਅਨੁਭਵ ਕਰਕੇ ਸਿੱਧੀਆਂ ਸਾਦੀਆਂ ਤਰਜਾਂ,ਜਿਹਨਾਂ ਨਾਲ ਸੰਗਤਾਂ ਖੁਦ ਬੋਲ ਸਕਣ, ਵਿਚ ਕੀਰਤਨ ਕਰਨ ਵਾਲਿਆਂ ਦੀ ਕਦਰ ਹੁੰਦੀ ਵੇਖ ਕੇ ਅਸੀਂ ਕੁਝ ਸਮਾਂ ਇਹਨਾਂ ਪੁਰਾਤਨ ਰੀਤਾਂ ਨੂੰ ਦਿਮਾਗ਼ ਤੇ ਬੇਲੋੜਾ ਜਿਹਾ ਬੋਝ ਮਹਿਸੂਸ ਕਰਨ ਲੱਗ ਪਏ ਸੀ। ਉਸ ਵਕਤ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਦੇ ਹੈੱਡ ਗ੍ਰੰਥੀ ਬੜੇ ਵਿਦਵਾਨ ਪੁਰਸ਼ ਗਿਆਨੀ ਗੁਰਦੀਪ ਸਿੰਘ ਜੀ ਸਨ। ਉਹਨਾਂ ਨੇ ਕੁਝ ਸ਼ਬਦ ਰੀਤਾਂ ਸਾਡੇ ਪਿਤਾ ਜੀ ਪਾਸੋਂ ਵੀ ਸਿੱਖੀਆਂ ਸਨ। ਗੁਰਮਤਿ ਵਿੱਦਿਆ ਉਹਨਾਂ ਨੇ ਭਿੰਡਰਾਂ ਵਾਲੇ ਮਹਾਂਪੁਰਸ਼ਾਂ ਪਾਸੋਂ ਪ੍ਰਾਪਤ ਕੀਤੀ ਸੀ। ਦਿੱਲੀ ਤੋਂ ਬਾਅਦ ਉਹਨਾਂ ਨੇ ਕੁਝ ਵਰ੍ਹੇ ਗੁਰਦੁਆਰਾ ਸਾਊਥਹਾਲ ਲੰਦਨ ਵਿਚ ਹੈੱਡ ਗ੍ਰੰਥੀ ਦੀ ਸੇਵਾ ਕੀਤੀ ਤੇ ਅੱਜ ਕੱਲ ਉਹ ਨਿਊਯਾਰਕ ਅਮਰੀਕਾ ਵਿਚ ਗੁਰਮਤਿ ਪ੍ਰਚਾਰ ਦੀ ਸੇਵਾ ਕਰ ਰਹੇ ਹਨ। ਉਹ ਪੁਰਾਤਨ ਰੀਤਾਂ ਦੇ ਸਰੋਤੇ ਤੇ ਕਦਰਦਾਨ ਸਨ। ਉਹਨਾਂ ਵੱਲੋਂ ਭੀ ਇਹਨਾਂ ਪੁਰਾਤਨ ਰੀਤਾਂ ਨੂੰ ਸੰਭਾਲਣ ਦੀ ਪ੍ਰੇਰਨਾ ਹੁੰਦੀ ਰਹੀ। ਕਈ ਵਾਰੀ ਖਿਆਲ ਆਉਂਦੇ ਸੀ ਕਿ ਸ੍ਰ: ਗਿਆਨ ਸਿੰਘ ਜੀ ਖੁਦ ਬਹੁਤ ਅਮੀਰ ਹਨ। ਉਹਨਾਂ ਨੂੰ ਕੀਰਤਨ ਕਰਕੇ ਟੱਬਰ ਪਾਲਣਾ ਨਹੀਂ ਪੈਂਦਾ। ਇਸ ਲਈ ਉਹਨਾਂ ਨੂੰ ਸਾਡੀਆਂ ਮਜਬੂਰੀਆਂ ਦਾ ਪਤਾ ਨਹੀਂ। ਪਰ ਫਿਰ ਵੀ ਇਹਲਾਂ ਸਾਰੇ ਬਜ਼ੁਰਗਾਂ ਤੇ ਮਿੱਤਰਾਂ ਦੀ ਪ੍ਰੇਰਦਾ ਦਾ ਡੂੰਘਾ ਅਸਰ ਜ਼ਰੂਰ ਹੋਇਆ। ਪਰ ਇਸ ਕਾਰਜ ਦੀ ਰਫਤਾਰ ਬਹੁਤ ਹੀ ਮੱਧਮ ਰਹੀ ਸੀ। ਸੰਨ 1960 ਤਕ ਤਾਂ ਅਸੀਂ ਕਿਸੇ ਸੱਜਣ ਨੂੰ ਇਹ ਸ਼ਬਦ-ਰੀਤਾਂ ਅਥਵਾ

ਕੀਰਤਨ ਟੇਪ ਕਰਨ ਦੀ ਆਗਿਆ ਵੀ ਨਹੀਂ ਸਾਂ ਦਿੰਦੇ ਪਰ ਜਲਦੀ ਹੀ ਸਤਿਗੁਰੂ ਜੀ ਨੇ ਸਾਡਾ ਇਹ ਅਗਿਆਨ ਦਾ ਅੰਧੇਰਾ ਦੂਰ ਕਰ ਦਿੱਤਾ ਤੇ ਅਸੀਂ ਮਹਿਸੂਸਕਰਨ ਲੱਗ ਪਏ ਕਿ ਇਹ ਦਾਤ ਸਤਿਗੁਰੂ ਜੀ ਦੀ ਬਖਸ਼ਿਸ਼ ਹੈ ਇਸ ਤੇ ਸਾਡਾ ਕੋਈ ਮਾਲਕੀ ਦਾ ਹੱਕ ਨਹੀਂ। ਇਹ ਗੁਰ ਸੰਗਤਾਂ ਦੀ ਵਸਤੂ ਹੈ। ਅਸੀਂ ਤਾਂ ਪਿਤਾ ਜੀ ਦੇ ਅੰਤ ਸਮੇਂ ਦਿੱਤੇ ਉਪਦੇਸ਼ ਕਿ 'ਕੀਰਤਨ ਨੂੰ ਇਸ਼ਟ ਸਮਝ ਕੇ ਕਰਨਾ' ਨੂੰ ਪ੍ਰਵਾਨ ਕਰਕੇ ਸਤਿਗੁਰ ਦੀ ਮਿਹਰ ਨਾਲ ਲੋਕ ਪ੍ਰਲੋਕ ਸਵਾਰ ਸਕਦੇ ਹਾਂ। ਇਸ ਖਿਆਲ ਨਾਲ ਉਸ ਤੋਂ ਬਾਅਦ ਕਿਸੇ ਵੀ ਸੱਜਣ ਨੂੰ ਟੇਪ ਕਰਨ ਤੋਂ ਨਹੀਂ ਰੋਕਿਆ। ਇੰਗਲੈਂਡ, ਅਮਰੀਕਾ, ਕੈਨੇਡਾ ਵਿਚ ਬਹੁਤੇ ਘਰਾਂ ਵਿਚ ਇਹਨਾਂ ਪੁਰਾਤਨ ਰੀਤਾਂ ਦੀਆਂ ਟੇਪਾਂ, ਜੋ ਸਾਡੇ ਇੰਗਲੈਂਡ ਦੇ ਟੂਰ ਵਿਚ ਟੇਪ ਕੀਤੀਆਂ ਗਈਆਂ, ਮੌਜੂਦ ਹਨ। ਬਹੁਤ ਸਾਰੇ ਵਿਦਵਾਨ ਬਜ਼ੁਰਗ ਕੀਰਤਨੀਆਂ ਦੇ ਅਕਾਲ ਚਲਾਣਾ ਕਰ ਜਾਣ ਨਾਲ ਭੀ ਮਨ ਟੁੰਬਿਆ ਗਿਆ ਕਿ ਇਹ ਪੁਰਾਤਨ ਰੀਤਾਂ ਦਿਮਾਗ਼ ਤੇ ਵਾਧੂ ਭਾਰ ਨਹੀਂ। ਇਹ ਅਮੋਲਿਕ ਵਸਤੂ ਹੈ ਤੇ ਸਾਡੇ ਨਾਲ ਹੀ ਇਹ ਵੀ ਗੁੰਮ ਹੋ ਜਾਵੇਗੀ। ਇਸ ਲਈ ਇਸ ਦੀ ਸੰਭਾਲ ਕਰਨੀ ਜ਼ਰੂਰੀ ਹੈ। ਖਾਨਦਾਨੀ ਫਿਤਰਤ ਤੇ ਉਪਦੇਸ਼, ਗੁਰਮੁਖਾਂ ਦੀ ਪ੍ਰੇਰਣਾ ਤੇ ਕੁਝ ਕੀਰਤਨੀਆਂ ਦੇ ਸਦੀਵੀ ਵਿਛੋੜੇ, ਇਹ ਸਾਰੀਆਂ ਚੀਜ਼ਾਂ ਕਰ ਕੇ, ਸੰਗੀਤ ਲਿਖਣ ਦੀ ਇੱਛਾ ਦਿਨ-ਬ-ਦਿਨ ਵਧਦੀ ਗਈ। ਸਤਿਗੁਰੂ ਜੀ ਦੀ ਪ੍ਰੇਰਣਾ ਨਾਲ ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਸਥਾਪਨਾ ਹੋਈ ਤੇ ਉਸ ਦੇ ਮੁਖੀ ਬਹੁਤ ਖੋਜੀ ਪੁਰਸ਼, ਜੋ ਕਿ ਬਾਕੀ ਗੁਰਮਤਿ ਦੀ ਖੋਜ ਤੇ ਹੋਰ ਧਰਮਾਂ ਦੀ ਖੋਜ ਤੋਂ ਇਲਾਵਾ ਕੀਰਤਨ ਦੇ ਭੀ ਬਹੁਤ ਸੂਝਵਾਨ ਸਰੋਤੇ ਹਨ, ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਥਾਪੇ ਗਏ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਬਹੁਤ ਸਾਰੇ ਵਿਦਵਾਨਾਂ, ਪੁਰਾਤਨ ਕੀਰਤਨੀਆਂ ਤੇ ਰਬਾਬੀਆਂ ਪਾਸੋਂ ਪੁਰਾਤਨ ਰੀਤਾਂ ਟੇਪ ਕੀਤੀਆਂ। ਸਾਡੀ ਬਾਬਤ ਪਰਮ ਪੂਜਨੀਕ ਸਚਖੰਡ ਵਾਸੀ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਰਾਗੀ ਨੇ ਹਿਜ-ਹੋਲੀਨੈਸ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਰਈਸ ਆਫ ਬਾਗੜੀਆਂ ਜੀ ਨੂੰ ਤੇ ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਨੂੰ ਦੱਸ ਪਾਈ। ਭਾਈ ਸਾਹਿਬ ਜੀ ਦੇ ਪੂਜ ਪਿਤਾ ਹਿਜ਼ ਹੋਲੀਨੈਸ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਦੇ ਵਕਤ ਭਾਵੇਂ ਸਾਡੇ ਪਿਤਾ ਜੀ ਦੀ ਵਿੱਦਿਆ ਬਾਰੇ ਉਹ ਚੰਗੀ ਤਰ੍ਹਾਂ ਜਾਣਦੇ ਸਨ ਪਰ ਭਾਈ ਸਮੁੰਦ ਸਿੰਘ ਜੀ ਦੱਸਣ ਨਾਲ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਨੂੰ ਸਾਡੇ ਬਾਰੇ ਭੁਲੀਆਂ ਵਿਸਰੀਆਂ ਯਾਦਾਂ ਫਿਰ ਤਾਜ਼ਾ ਹੋ ਗਈਆਂ। ਕਿਉਂਕਿ ਭਾਈ ਸਮੁੰਦ ਸਿੰਘ ਜੀ ਦਿੱਲੀ ਗੁਰਦੁਆਰਾ ਕਮੇਟੀ ਦੇ ਸੱਦੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਤੇ ਹਰ ਸਾਲ ਆਇਆ ਕਰਦੇ ਸਨ ਤੇ ਕੀਰਤਨ ਦਰਬਾਰ ਵਿਚ ਸਾਡੇ ਪਾਸੋਂ ਪੁਰਾਤਨ ਰੀਤਾਂ ਸੁਣ ਕੇ ਬੜੀ ਵਿਸ਼ਾਲ-ਦਿਲੀ ਨਾਲ ਸਾਡੀ ਪ੍ਰਸੰਸਾ ਕਰ ਕੇ ਸਾਡੇ ਹੌਂਸਲੇ ਵਧਾਇਆ ਕਰਦੇ ਸੀ। ਇਸ ਤਰ੍ਹਾਂ ਨਾਲ ਭਾਈ ਸਾਹਿਬ ਜੀ ਨੇ ਬਾਗੜੀਆਂ ਇਕ ਵਾਰੀ ਸਾਨੂੰ ਬੁਲਾ ਕੇ ਅਤੇ ਦਿੱਲੀ ਆਪਣੇ ਜੁਆਈ ਸ੍ਰ: ਦਰਸ਼ਨ ਸਿੰਘ ਜੀ ਚਾਵਲਾ ਤੇ ਸ੍ਰ: ਰਾਮ ਸਿੰਘ ਐੱਮ. ਪੀ. ਦੀਆਂ ਕੋਠੀਆਂ ਵਿਚ ਕਈ ਵਾਰ ਸਾਨੂੰ ਬੁਲਾ ਕੇ ਪੁਰਾਤਨ ਰੀਤਾਂ ਟੇਪ ਕੀਤੀਆਂ ਤੇ ਉਹਨਾਂ ਨੇ ਵੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਸਾਡੀ ਬਾਬਤ ਤੇ ਬਾਪੂ ਜੀ ਦੇ ਬਾਰੇ ਵਾਕਫੀਅਤ ਦੱਸਣ ਦੀ ਬਹੁਤ ਕਿਰਪਾ ਕੀਤੀ। ਸਭ ਤੋਂ ਪਹਿਲੇ 1970-71 ਵਿਚ ਸਾਨੂੰ ਪਟਿਆਲੇ ਬੁਲਾਇਆ ਗਿਆ ਤੇ ਕੁਝ ਰੀਤਾਂ ਟੇਪ ਕੀਤੀਆਂ ਗਈਆਂ। ਫਿਰ ਅਸੀਂ 1971 ਦੇ ਜੂਨ ਵਿਚ ਇੰਗਲੈਂਡ ਇਕ ਸਾਲ ਲਈ ਚਲੇ ਗਏ। ਵਾਪਸੀ ਤੇ ਫਿਰ ਪਟਿਆਲੇ ਬੁਲਾਇਆ ਤੇ ਕੁਝ ਰੀਤਾਂ ਸੁਣੀਆਂ ਤੇ ਟੇਪ ਕੀਤੀਆਂ। ਇਸ ਵਾਰੀ ਪਹਿਲੇ ਵਾਈਸ-ਚਾਂਸਲਰ ਸਾਹਿਬ ਸ੍ਰ: ਕਿਰਪਾਲ ਸਿੰਘ ਜੀ ਨਾਰੰਗ ਤੇ ਇਸ ਕਾਰਜ ਲਈ ਥਾਪੀ ਹੋਈ ਕਮੇਟੀ ਦੇ ਸਤਿਕਾਰਯੋਗ ਸਾਰੇ ਮੈਂਬਰਾਂ ਨੇ ਪੁਰਾਤਨ ਰੀਤਾਂ ਸਰਵਨ ਕੀਤੀਆਂ ਤੇ ਫਿਰ ਫੈਸਲਾ ਕਰਕੇ ਸਾਨੂੰ ਇਹ ਸਾਰੀਆਂ ਰੀਤਾਂ ਦੀ ਟੇਪ ਤੇ ਨੁਟੇਸ਼ਨ ਕਰਨ ਲਈ ਹੁਕਮ ਕਰ ਦਿੱਤਾ। ਸਾਨੂੰ ਇਹ ਕਾਰਜ ਪਹਾੜ ਚੁਕਣ ਵਰਗਾ ਵੱਡਾ ਭਾਰਾ ਤੇ ਔਖਾ ਪ੍ਰਤੀਤ ਹੁੰਦਾ ਸੀ। ਸਾਡੇ ਪਰਮ ਪੂਜਨੀਕ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਬਹੁਤ ਹੌਂਸਲਾ ਵਧਾ ਕੇ ਪ੍ਰੇਰਣਾ ਕਰਦੇ ਰਹੇ। ਅੰਤ ਅਸਾਂ

ਉਹਨਾਂ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਆਪ ਅਰਦਾਸ ਕਰੋ ਤੇ ਸਾਨੂੰ ਅਸੀਸ ਦੇਵੋ। ਉਹਨਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਦਿਆਂ ਹੋਇਆਂ ਦਿੱਲੀ ਆ ਕੇ 29-01-1973 ਨੂੰ ਅਰਦਾਸ ਕੀਤੀ ਤੇ ਸੇਵਕਾਂ ਨੇ ਇਹ ਕਾਰਜ ਆਰੰਭ ਦਿੱਤਾ। ਲਗਪਗ ਅੱਧਾ ਕੰਮ ਦਿੱਲੀ ਕੀਤਾ ਤੇ ਅੱਧਾ ਕੰਮ 1975-76 ਇੰਗਲੈਂਡ ਦੀ ਯਾਤਰਾ ਸਮੇਂ ਉਥੇ ਕੀਤਾ। ਨੋਟੇਸ਼ਨ ਤੇ ਟੇਪਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜਦੇ ਰਹੇ ਤੇ ਜੂਨ 1976 ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਸਾਰੀਆਂ ਪੁਰਾਤਨ ਸ਼ਬਦ-ਰੀਤਾਂ ਦੀ ਟੇਪ ਤੇ ਨੁਟੇਸ਼ਨ ਦਾ ਕਾਰਜ ਸੰਪੂਰਨ ਹੋਇਆ। ਕਾਰਜ ਦੀ ਸੰਪੂਰਨਤਾ ਤੇ ਦਿਲ ਦਿਮਾਗ ਤੇ ਪਿਆ ਬੋਝ ਉਤਰ ਗਿਆ। ਭਾਵੇਂ ਸਿੱਖ ਪੰਥ ਵਿਚ ਹੋਰ ਵੀ ਬਹੁਤ ਸਾਰੇ ਵਿਦਵਾਨ ਪੁਰਾਤਨ ਕੀਰਤਨੀਏ ਹਨ ਪਰ ਜੋ ਸਾਡੇ ਪਾਸ ਸ਼ਬਦ ਰੀਤ ਦਾ ਖਜ਼ਾਨਾ ਸੀ, ਉਸਦੀ ਸੰਭਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਉੱਦਮ ਦਾ ਸਦਕਾ ਪੱਕੀ ਤੇ ਸੰਪੂਰਨ ਹੋਈ ਹੈ। ਇਸ ਲਈ ਸਤਿਗੁਰੂ ਸੱਚੇ ਪਾਤਸ਼ਾਹ ਦੇ ਰੋਮ ਰੋਮ ਤੋਂ ਸ਼ੁਕਰ ਗੁਜ਼ਾਰ ਹਾਂ ਕਿ ਸਾਡੀ ਵੰਸ਼ ਵਿਚ ਆਈ ਇਹ ਵਿੱਦਿਆ ਗੁਰੂ ਗ੍ਰੰਥ ਦੀ ਬਖਸ਼ਿਸ਼ ਸੀ ਤੇ ਅਸਾਡੇ ਪਾਸੋਂ ਇਹ ਭੰਡਾਰ ਗੁਰੂ ਪੰਥ ਦੀ ਸੇਵਾ ਵਿਚ ਭੇਟਾ ਕਰਨ ਦੀ ਸੇਵਾ ਸਤਿਗੁਰੂ ਨੇ ਸੰਪੂਰਨ ਕਰਵਾ ਦਿੱਤਾ ਹੈ।

**ਧੰਨਵਾਦ**

ਅਸੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਵਾਈਸ-ਚਾਂਸਲਰ ਸ੍ਰੀਮਾਨ ਸ੍ਰ: ਕਿਰਪਾਲ ਸਿੰਘ ਜੀ ਨਾਰੰਗ ਦੇ ਬਹੁਤ ਧੰਨਵਾਦੀ ਹਾਂ ਜਿਹਨਾਂ ਨੂੰ ਪੁਰਾਤਨ ਰੀਤਾਂ ਦੀ ਸੰਭਾਲ ਦੀ ਬਹੁਤ ਤੀਬਰ ਇੱਛਾ ਸੀ ਤੇ ਉਹਨਾਂ ਤੋਂ ਬਾਅਦ ਦੇ ਵਾਈਸ-ਚਾਂਸਲਰ ਸਾਹਿਬਾ ਸ੍ਰੀਮਤੀ ਇੰਦਰਜੀਤ ਕੌਰ ਜੀ ਸੰਧੂ ਦੇ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਉਸੇ ਲਗਨ, ਉਤਸ਼ਾਹ ਅਤੇ ਖੁਲਦਿੱਲੀ ਨਾਲ ਇਸ ਕਾਰਜ ਨੂੰ ਸਿਰੇ ਚਾੜ੍ਹਨ ਦੀ ਕੋਸ਼ਿਸ਼ ਜਾਰੀ ਰੱਖੀ, ਹੁਣ ਦੇ ਵਾਈਸ ਚਾਂਲਸਰ ਸਾਹਿਬ ਸ੍ਰੀ ਮਾਨ ਡਾਕਟਰ ਅਮਰੀਕ ਸਿੰਘ ਜੀ ਦੇ ਵੀ ਅਸੀਂ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਉਚੇਚਾ ਧਿਆਨ ਦੇ ਕੇ ਇਸ ਕਾਰਜ ਨੂੰ ਸੰਪੂਰਨ ਕਰਵਾਇਆ ਹੈ।

ਮਹਾਨ ਵਿਦਵਾਨ ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਬਹੁਤ ਧੰਨਵਾਦੀ ਹਾਂ, ਜਿਹਨਾਂ ਨੇ ਇਸ ਕਾਰਜ ਲਈ ਸਿਰਤੋੜ ਯਤਨ ਕੀਤੀ ਤੇ ਲਿਖਤੀ ਤੌਰ ਅਤੇ ਜ਼ੁਬਾਨੀ ਵੀ ਸਾਨੂੰ ਕਾਰਜ ਜਲਦੀ ਸੰਪੂਰਨ ਕਰਨ ਦੀ ਪ੍ਰੇਰਣਾ ਕੀਤੀ ਤੇ ਕਾਫੀ ਉਤਸ਼ਾਹ ਦਿੱਤਾ। ਇਸ ਵਿਭਾਗ ਦੇ ਸ੍ਰੀਮਾਨ ਸ੍ਰੀ ਬਲਕਾਰ ਸਿੰਘ ਜੀ ਰੀਸਰਚ ਫੌਲੋ ਅਤੇ ਸ੍ਰੀਮਾਨ ਸ੍ਰ: ਹਿੰਮਤ ਸਿੰਘ ਜੀ ਜੂਨੀਅਰ ਰੀਸਰਚ ਫੈਲੋ ਦੇ ਵੀ ਬਹੁਤ ਧੰਨਵਾਦੀ ਹਾਂ।

ਪ੍ਰਕਾਸ਼ਨ ਅਤੇ ਵਿਕਰੀ ਵਿਭਾਗ ਦੇ ਆਫੀਸਰ ਸ੍ਰੀਮਾਨ ਸ੍ਰ: ਹਜ਼ਾਰਾ ਸਿੰਘ ਜੀ ਦੇ ਅਤਿ ਧੰਨਵਾਦੀ ਹਾਂ ਜਿਹਨਾਂ ਨੇ ਛਪਵਾਈ ਦੇ ਸਮੇਂ ਆਈਆਂ ਕਈ ਅੜਚਨਾਂ ਨੂੰ ਕਾਫੀ ਕੋਸ਼ਿਸ਼ਾਂ ਕਰਕੇ ਬੜੇ ਸੁਯੋਗ ਤਰੀਕੇ ਨਾਲ ਦੂਰ ਕੀਤਾ ਅਤੇ ਪਰੂਫ ਰੀਡਰ ਸ੍ਰੀਮਾਨ ਸ੍ਰ: ਗੁਰਬਚਨ ਸਿੰਘ ਜੀ ਜਿਹਨਾਂ ਨੇ ਪਰੂਫ ਵੇਖਣ ਤੇ ਬਹੁਤ ਮਿਹਨਤ ਕੀਤੀ ਹੈ, ਉਹਨਾਂ ਦੇ ਭੀ ਅਤਿ ਧੰਨਵਾਦੀ ਹਾਂ। ਹੋਰ ਪੁਸਤਕਾਂ ਨਾਲੋਂ ਸੰਗੀਤ ਛਾਪਣ ਲਈ ਪ੍ਰੈਸ ਵਾਲਿਆਂ ਨੂੰ ਸੁਰ ਲਿਪੀਆਂ ਦੇ ਚਿਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਕਰਨਾ ਪੈਂਦਾ ਹੈ। ਇਸ ਲਈ ਅਸੀਂ ਆਧੁਨਿਕ ਪ੍ਰੈਸ ਦੇ ਮਾਲਕ ਸ੍ਰੀ ਤੇਜਿੰਦਰ ਕਪੂਰ ਜੀ ਦੇ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਇਹ ਸਾਰਾ ਵਿਸ਼ੇਸ਼ ਪ੍ਰਬੰਧ ਕੀਤਾ।

ਪ੍ਰੇਮ ਪਵਿੱਤਰ ਆਤਮਾ ਹਿਜ਼-ਹੋਲੀਨੈਸ ਭਾਈ ਸਾਹਿਬ ਭਾਈ ਅਰਦਮਨ ਸਿੰਘ ਜੀ ਰਈਸ ਆਫ ਬਾਗੜੀਆ ਜੀ ਦੇ ਤਾਂ ਅਸੀਂ ਬਹੁਤ ਹੀ ਰਿਣੀ ਹਾਂ ਜਿਹਨਾਂ ਦੀ ਕਿਰਪਾ ਦ੍ਰਿਸ਼ਟੀ, ਅਰਦਾਸ ਤੇ ਅਸੀਸਾਂ ਸਦਕਾ ਅਸੀਂ ਇਹ ਕਾਜ ਕਰ ਸਕੇ ਹਾਂ ਪਰ ਭਾਈ ਸਾਹਿਬ ਜੀ ਦੇ ਅਕਾਲ ਚਲਾਣੇ ਨਾਲ ਮਨਾਂ ਨੂੰ ਬਹੁਤ ਸਦਮਾ ਪੁਜਾ ਹੈ ਕਿ ਇਹ ਪੁਸਤਕ ਸੰਪੂਰਨ ਥੀਆ ਰਾਮ' ਕੇ ਮਹਾਂਵਾਕ ਅਨੁਸਾਰ ਸਚਖੰਡ ਨਿਰੰਕਾਰ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਹਨ।

ਜਿਵੇਂ ਰਜ਼ਾ। ਸਚਖੰਡ ਵਾਸੀ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਰਾਗੀ ਨੇ ਪੁਰਾਤਨ ਸ਼ਬਦ ਰੀਤਾਂ ਬਾਰੇ ਸਾਡੀ ਬਾਬਤ ਦੱਸ ਪਾਉਣ ਦੀ ਜੋ ਵਿਸ਼ਾਲ-ਦਿਲੀ ਕਰਕੇ ਕਿਰਪਾ-ਦ੍ਰਿਸ਼ਟੀ ਕੀਤੀ ਉਹਨਾਂ ਦੇ ਭੀ ਅਸੀਂ ਬਹੁਤ ਧੰਨਵਾਦੀ ਹਾਂ। ਸੰਗੀਤ ਲਿਖਣ ਦੀ ਪ੍ਰੇਰਨਾ ਕਰਨ ਵਾਲੇ ਭਾਈ ਹਰਦਿਤ ਸਿੰਘ ਜੀ ਮੁਖੀ, ਗੁਰਮਤਿ ਵਿਦਿਆਲਾ, ਗੁਰਦੁਆਰਾ ਰਕਾਬ ਗੰਜ, ਦਿੱਲੀ ਅਤੇ ਸ੍ਰੀਮਾਨ ਸ੍ਰ: ਗਿਆਨ ਸਿੰਘ ਜੀ ਐਬਟਾਬਾਦ ਜੀ ਦੇ ਬਹੁਤ ਧੰਨਵਾਦੀ ਹਾਂ। ਪੁਰਾਤਨ ਸ਼ਬਦ ਕੀਰਤਨ ਵਿਚ ਵਿਦਵਾਨ ਬਜ਼ੁਰਗ ਬਾਬਾ ਤਾਰਾ ਸਿੰਘ ਜੀ ਤਰਨ ਤਾਰਨ ਵਾਲਿਆਂ ਦੇ, ਵਿਦਵਾਨ ਕੀਰਤਨੀਏ ਸ੍ਰੀਮਾਨ ਰਾਗੀ ਰਾਮ ਸਿੰਘ ਜੀ ਕਪੂਰਥਲਾ ਸੁਲਤਾਨਪੁਰ ਵਾਲਿਆਂ ਦੇ ਅਤੇ ਸਾਡੇ ਵੱਡੇ ਗੁਰਭਾਈ ਭਾਈ ਜੈਦੇਵ ਸਿੰਘ ਜੀ ਸਿੰਘਾਂ ਵਾਲੇ ਦੇ ਬਹੁਤ ਧੰਨਵਾਦੀ ਹਾਂ। ਸਭ ਤੋਂ ਵੱਧ ਸਹਾਇਤਾ ਇਸ ਕਾਰਜ ਵਿਚ ਸਾਨੂੰ ਸਾਡੇ ਵੱਡੇ ਗੁਰਭਾਈ ਜੈਦੇਵ ਸਿੰਘ ਜੀ ਸਿੰਘਾਂ ਵਾਲੇ ਦੇ ਬਹੁਤ ਧੰਨਵਾਦੀ ਹਾਂ। ਸਭ ਤੋਂ ਵੱਧ ਸਹਾਇਤਾ ਇਸ ਕਾਰਜ ਵਿਚ ਸਾਨੂੰ ਸਾਡੇ ਵੱਡੇ ਗੁਰਭਾਈ ਅਤੇ ਜੋੜੀ ਦੇ ਉਸਤਾਦ ਭਾਈ ਅਰਜਨ ਸਿੰਘ ਜੀ ਤਰੰਗੜ ਪਾਸੋਂ ਪ੍ਰਾਪਤ ਹੋਈ ਕਿਉਂਕਿ ਭਾਈ ਅਰਜਨ ਸਿੰਘ ਦੇ ਪਿਤਾ ਭਾਈ ਰਾਮ ਸਿੰਘ ਜੀ ਬਾਊ ਜੀ ਦੇ ਗੁਰਭਾਈ ਸਨ ਤੇ ਉਹਨਾਂ ਨਾਲ ਤਾਊਸ ਵਜਾਇਆ ਕਰਦੇ ਸਨ ਤੇ ਭਾਈ ਅਰਜਨ ਸਿੰਘ ਜੀ ਬਹੁਤ ਸਾਲ ਪਿਤਾ ਜੀ ਨਾਲ ਜੋੜੀ ਵਜਾਉਣ ਦੀ ਸੇਵਾ ਕਰਦੇ ਰਹੇ ਸਨ। ਅਸੀਂ ਭਾਈ ਅਰਜਨ ਸਿੰਘ ਜੀ ਦੇ ਭੀ ਬਹੁਤ ਹੀ ਧੰਨਵਾਦੀ ਹਾਂ।

ਜੋ ਵੀ ਰੀਤਾਂ ਗੁਰਬਬਾਣੀ ਸੰਗੀਤ ਪ੍ਰਾਚੀਨ ਸ਼ਬਦ ਰੀਤ ਰਤਨਾਵਲੀ ਵਿਚ ਛਪੀਆਂ ਹਨ ਇਹਨਾਂ ਸਾਰੀਆਂ ਦੀ ਰਿਕਾਰਡਿੰਗ ਕੀਤੀ ਹੈ ਜੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁੱਖੀ ਸ੍ਰੀਮਾਨ ਡਾਕਟਰ ਤਾਰਨ ਸਿੰਘ ਜੀ ਪਾਸ ਹੈ, ਇਹਨਾਂ ਸਭਨਾਂ, ਰੀਤਾਂ, ਪੜਤਾਲਾਂ, ਧੁਨੀਆਂ, ਪਉੜੀਆਂ ਨਾਲ ਤਬਲਾ ਬਰਖੁਰਦਾਰ ਭਾਈ ਸਵਰਨ ਸਿੰਘ ਨੇ ਵਜਾਇਆ ਹੈ। ਆਮ ਤਬਲੇ ਵਾਲਾ ਪੁਰਾਤਨ ਰੀਤਾਂ ਨਾਲ ਤਬਲਾ ਨਹੀਂ ਵਜਾ ਸਕਦਾ। ਇਸ ਵਾਸਤੇ ਭੀ ਬਹੁਤ ਮਿਹਨਤ ਦੀ ਲੋੜ ਹੁੰਦੀ ਹੈ। ਤਬਲੇ ਦੀ ਵਿੱਦਿਆ ਇਸ ਨੂੰ ਆਪਣਾ ਬੱਚਾ ਸਮਝ ਕੇ ਸਿਖਾਈ। ਇਹਨਾਂ ਪੁਰਾਤਨ ਰੀਤਾਂ ਦੀ ਰੀਕਾਰਡਿੰਗ ਵਿਚ ਇਸ ਦੀ ਭੀ ਬਹੁਤ ਮਿਹਨਤ ਹੈ, ਸੋ ਆਪਣੇ ਅਜ਼ੀਜ਼ ਲਈ ਸਵਰਨ ਸਿੰਘ ਭੀ ਸਾਡੀਆਂ ਹਾਰਦਿਕ ਅਸੀਸਾਂ ਹਨ। ਪੂਜਨੀਕ ਬਜ਼ੁਰਗ ਭਾਈ ਸਾਹਿਬ ਭਾਈ ਬਤਨ ਸਿੰਘ ਜੀ ਮੋਹਲੀ (ਫਗਵਾੜਾ) ਵਾਲੇ ਬਹੁਤ ਵਿਦਵਾਨ ਸਨ। ਇਕ ਵੇਰ ਦਿੱਲੀ ਸਾਡੇ ਪਾਸ ਕੁਝ ਦਿਨ ਠਹਿਰੇ ਉਹਨਾਂ ਨੇ ਭੀ ਆਪਣੇ ਭੰਡਾਰੇ ਵਿਚੋਂ ਕੁਝ ਸ਼ਬਦ ਰੀਤਾਂ ਦੇਣ ਦੀ ਕ੍ਰਿਪਾ ਕੀਤੀ। ਇਸੇ ਤਰ੍ਹਾਂ ਭਾਈ ਤਾਬਾ ਜੀ ਜੋ ਰਬਾਬੀਆਂ ਵਿਚ ਬਹੁਤ ਵਿਦਵਾਨ ਸਨ, ਉਹ ਪਾਕਿਸਤਾਨ ਤੋਂ ਦਿੱਲੀ ਕੁਝ ਦਿਨਾਂ ਲਈ ਆਏ ਤੇ ਨਿਸ਼ਾਨੀ ਵਜੋਂ ਉਹਨਾਂ ਨੇ ਭੀ ਪੰਜ-ਸੱਤ ਸ਼ਬਦ ਰੀਤਾਂ ਦੇਣ ਦੀ ਕ੍ਰਿਪਾ ਕੀਤੀ। ਇਹਨਾਂ ਦੋਹਾਂ ਬਜ਼ੁਰਗਾਂ ਦੇ ਅਤਿ ਧੰਨਵਾਦੀ ਹਾਂ।

ਮਹਾਨ ਸੰਗੀਤਕਾਚਾਰੀਯਾ, ਸ੍ਰੀ ਮਾਨ ਸ੍ਰੀ ਦਲੀਪ ਚੰਦਰ ਜੀ ਵੇਦੀ ਸਾਹਿਬ ਦੇ ਮਹਾਨ ਵਿਦਵਾਨ ਸਿਤਾਰ ਵਾਦਕ ਉਤਸਾਦ ਵਲਾਇਤ ਖਾਂ ਸਾਹਿਬ ਦੇ ਬਹੁਤ ਹੀ ਧੰਨਵਾਦੀ ਹਾਂ ਜਿਹਨਾਂ ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਪੁਸਤਕ ਦੇ ਸੰਬੰਧ ਵਿਚ ਆਪਣੀ ਅਮੋਲਕ ਰਾਇ ਬਖਸ਼ੀ। ਅੰਤ ਵਿਚ ਪੁਸਤਕ ਵਿਚ ਰਹਿ ਗਈਆਂ ਬੇਅੰਤ ਤਰੁਟੀਆਂ ਤੇ ਭੁੱਲਾਂ ਦੀ ਸਰਬੱਤ ਗੁਣੀ ਜਨਾਂ ਪਾਸੋਂ ਅਸੀਂ ਖਿਮਾਂ ਮੰਗਦੇ ਹਾਂ।

**ਪੰਥ ਦੇ ਦਾਸ, ਭਾਈ ਅਵਤਾਰ ਸਿੰਘ ਰਾਗੀ, ਭਾਈ ਗੁਰਚਰਨ ਸਿੰਘ ਰਾਗੀ**

# ਗੌਂਡ ਮਹਲਾ ੪

ਹਰਿਭਜਨ ਸਿੰਘ

ਥਾਟ : ਬਿਲਾਵਲ ॥ ਜਾਤੀ : ਸੰਪੂਰਵ ॥
ਸਮਾਂ : ਦਿਨ ਦਾ ਦੂਸਰਾ ਪਹਿਰ ॥ ਵਾਦੀ: ਸ, ਸੰਵਾਦੀ : ਮ ॥
ਆਰੋਹ : ਸਰਗਮ, ਪਧ, ਨਧ, ਨਸਂ ॥ ਅਵਰੋਹ : ਸਂ ਨ ਧ ਨ ਪ, ਮ ਗ, ਰ ਸ ॥
ਮੁੱਖ ਅੰਗ : ਰ ਗ ਮ, ਪ ਮ, ਮ ਪ ਨ ਧ, ਨ ਸਂ, ਨ ਧ ਨ ਪ, ਧ ਮ ॥

ਝਪਤਾਲ

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| × | | 2 | | | 0 | | 3 | | | × | | 2 | | | 0 | | 3 | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਪ | ਧ | ਮ | – | ਗ | ਪ | ਧਪ | ਮ | ਗ | ਮ | ਗ | ਰ | ਗ | ਮ | – | ਗ | ਰ | ਸ | – | – |
| ਅ | ਪ | ਨੇ | s | ਕ | ਰ | ਮs | ਕੀ | ਗ | ਤ | ਮੈ | s | ਕਿਆ | s | s | ਜਾ | s | ਨਉ | s | s |
| ਨ̣ਸ | – | ਗ | ਰ | ਮ | ਗ | ਪ | ਗ | – | – | ਪ | ਨ | ਧ | ਨ | ਸਂ | ਧ | ਨ | ਪ | – | – |
| ਮੈ | s | ਕਿਆs | | s | ਜਾ | s | ਨਉ | s | s | ਬਾ | s | ਬਾ | s | s | ਰੇ | s | s | s | s |
| ਅੰਤਰਾ | | | | | | | | | | | | | | | | | | | |
| ਮ | ਮ | ਪ | ਨ | ਧ | ਨ | ਸਂ | ਸਂ | ਸਂ | – | ਸਂ | ਨ | ਸਂ | – | ਰਂ | ਸੰਧ | ਨ | ਧ | ਪ | – |
| ਨ | ਰੂ | s | s | ਮ | ਰੈ | s | ਨ | ਰ | s | ਕਾ | s | ਮ | s | ਨ | ਆ | s | ਵੈ | s | s |
| ਨ | ਨ | ਪ | – | ਧ | ਮ | ਪ | ਮ | ਗ | ਸ | ਗ | ਰ | ਗ | ਪ | ਮ | ਗ | ਰ | ਸ | – | – |
| ਪ | ਸੂ | s | s | ਮ | ਰੈ | s | ਦ | ਸ | s | ਕਾ | s | ਜ | s | ਸ | ਵਾ | s | ਰੈ | s | s |

ਮੋਬਾਇਲ : 9878636268

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੮੭੦

### ਗੋਂਡ ॥

Gond:

**ਨਰੂ ਮਰੈ ਨਰੁ ਕਾਮਿ ਨ ਆਵੈ ॥**

When a man dies, he is of no use to anyone.

**ਪਸੂ ਮਰੈ ਦਸ ਕਾਜ ਸਵਾਰੈ ॥੧॥**

But when an animal dies, it is used in ten ways. ||1||

**ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ ॥**

What do I know, about the state of my karma?

**ਮੈ ਕਿਆ ਜਾਨਉ ਬਾਬਾ ਰੇ ॥੧॥ ਰਹਾਉ ॥**

What do I know, O Baba? ||1||Pause||

**ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥**

His bones burn, like a bundle of logs;

**ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥**

his hair burns like a bale of hay. ||2||

**ਕਹੁ ਕਬੀਰ ਤਬ ਹੀ ਨਰੁ ਜਾਗੈ ॥**

Says Kabeer, the man wakes up,

**ਜਮ ਕਾ ਡੰਡੁ ਮੂੰਡ ਮਹਿ ਲਾਗੈ ॥੩॥੨॥**

only when the Messenger of Death hits him over the head with his club. ||3||2||


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਅੰਮ੍ਰਿਤ ਕੀਰਤਨ ਟਰਸਟ
# ਵੱਲੋਂ

# ਸਾਲ 2015

# ਲਈ

# ਸ਼ੁਭ ਕਾਮਨਾਵਾਂ

ਆਓ ਹਰ ਰੋਜ਼ 5 ਅਜਨਬੀਆਂ ਨੂੰ ਮੁਸਕਰਾਹਟ ਦੇ ਕੇ ਖ਼ੁਸ਼ੀ ਪ੍ਰਾਪਤ ਕਰੀਏ।

Postal Regd. No. CH/0045/2015-2017 RNI Regd. No. 46788/89 ISSN 0972-2335

# ਪ੍ਰਾਣੀ ਏਕੋ ਨਾਮੁ ਧਿਆਵਹੁ

ੴ

## ਪ੍ਰਾਣੀ ਏਕੋ ਨਾਮੁ ਧਿਆਵਹੁ

**Praanee Eaeko Naam Dhiaavuhu**

ਗੁਰਬਾਣੀ ਕੀਰਤਨ

**ਡਾ. ਜਾਗੀਰ ਸਿੰਘ, ਚੰਡੀਗੜ੍ਹ**

Praanee Eaeko Naam Dhiaavuhu

Sathigur Aaeiou Suran Thuhaaree

Maadho Har Har Har Mukh Keheeai

Huno Balihaarai Jaao Saachae Thaerae Naam Vittuhu

Maerae Har Jeeo Subh Ko Thaerai Vas

- ਪ੍ਰਾਣੀ ਏਕੋ ਨਾਮੁ ਧਿਆਵਹੁ - ਸਤਿਗੁਰ ਆਇਓ ਸਰਣਿ ਤੁਹਾਰੀ
ਮਾਧਉ ਹਰਿ ਹਰਿ ਹਰਿ ਮੁਖਿ ਕਹੀਐ - ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**